
ਜੈ ਗੁਰਦੇਵ ! ਧੰਨ ਗੁਰਦੇਵ !!

# ਚੌਦਹ ਸੌ ਤੈਤੀਸ ਕੋ ਮਾਘ ਸੁਦੀ ਪੰਦ੍ਰਾਸ ॥
# ਦੁਖੀਓਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ ॥

T-18

-ਸੰਤ ਕਰਮਦਾਸ ਜੀ




(ਟ੍ਰੈਕਟ ਨੰ. 18)

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) (ਰਜਿ:)
N.B. 180 ਪ੍ਰੀਤ, ਨਗਰ, ਸੋਢਲ ਰੋਡ, ਜਲੰਧਰ-4, ਫੋਨ : 0181-2490309

# ਕਾਫ਼ਿਲਾ ਅੱਗੇ ਵਧੇ



ਦਲਿਤ ਸਮਾਜ ਹੁਣ ਕਾਫੀ ਜਾਗ੍ਰਿਤ ਹੋ ਚੁੱਕਾ ਹੈ। ਹੁਣ ਇਹ ਆਪਣੇ ਰਹਿਬਰਾਂ ਦੇ ਜਨਮ ਦਿਹਾੜੇ ਬੜੀ ਸ਼ਾਨੋ-ਸ਼ੌਕਤ ਨਾਲ ਮਨਾਉਂਦਾ ਹੈ। ਇਹ ਸਮਾਜ ਹੁਣ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਉਪਦੇਸ਼ਾਂ ਤੋਂ ਅਗਵਾਈ ਲੈ ਕੇ ਜੀਵਨ ਜਿਉਣ ਵੱਲ ਰੁਚਿਤ ਹੋ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਚਾਨਣ ਨੇ ਇਸ ਸਮਾਜ ਨੂੰ ਵਹਿਮਾਂ ਭਰਮਾਂ ਅਤੇ ਅੰਧ ਵਿਸ਼ਵਾਸਾਂ 'ਚੋਂ ਬਾਹਰ ਨਿਕਲਣ ਦਾ ਬਲ ਦਿੱਤਾ ਹੈ।

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਰਜਿ.) ਪੰਜਾਬ, ਪ੍ਰਧਾਨ ਸ. ਰਛਪਾਲ ਸਿੰਘ ਬੱਧਣ ਦੀ ਅਗਵਾਈ ਹੇਠ ਪਿਛਲੇ ਕਈ ਸਾਲਾਂ ਤੋਂ ਗੁਰੂ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੇ ਪ੍ਰਚਾਰ ਲਈ ਛੋਟੇ-ਛੋਟੇ ਟ੍ਰੈਕਟ ਛਾਪ ਕੇ ਸੰਗਤਾਂ ਨੂੰ ਮੁਫਤ ਭੇਟ ਕਰ ਰਹੀ ਹੈ, ਜਿਸ ਵਿਚ ਗਿਆਨ ਵਧਾਊ ਸਮੱਗਰੀ ਛਾਪੀ ਹੁੰਦੀ ਹੈ, ਇਸ ਦੀ ਇਕ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਨਾਲ ਸਮਾਜ ਵਿਚ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਹੁੰਦੀ ਹੈ। ਇਹ ਜਨ-ਜਨ ਤੱਕ ਗੁਰੂ ਜੀ ਦਾ ਮਿਸ਼ਨ ਪਹੁੰਚਾਉਣ ਦੇ ਲਈ ਬਹੁਤ ਵੱਡਾ ਉਪਰਾਲਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਸਰਵਣ ਦਾਸ ਜੀ ਬਖਸ਼ਿਸ਼ ਕਰਨ, ਸੰਸਥਾ ਦਾ ਇਹ ਕਾਫਿਲਾ ਦਿਨ ਰਾਤ ਇਸੇ ਤਰ੍ਹਾਂ ਹੀ ਅੱਗੇ ਵੱਧਦਾ ਜਾਵੇ।

**-ਸੰਤ ਸੁਰਿੰਦਰ ਦਾਸ ਕਠਾਰ**
**ਮੈਂਬਰ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ**
**ਮੰਦਿਰ ਚੈਰੀਟੇਬਲ ਟਰੱਸਟ (ਕਾਂਸ਼ੀ)**

## ਸ੍ਰੀ ਗੁਰੂ ਰਵਿਦਾਸ ਮਿਸ਼ਨ ਨੂੰ ਸਮਰਪਿਤ ਡੇਰਾ ਸੰਤ ਬਾਬਾ ਫੂਲ ਨਾਥ ਜੀ ਮਹਾਰਾਜ (ਨਾਨਕ ਨਗਰੀ ਚਹੇੜੂ)



ਸੰਤ ਕ੍ਰਿਸ਼ਨ ਨਾਥ ਜੀ ਡੇਰਾ ਬਾਬਾ ਫੂਲ ਨਾਥ ਜੀ ਦੇ ਸੰਚਾਲਕ ਅਤੇ ਗੱਦੀ ਨਸ਼ੀਨ ਹਨ। ਡੇਰਾ ਸੰਤ ਫੂਲ ਨਾਥ ਜੀ ਪੂਰੇ ਸੌ ਸਾਲ ਤੋਂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪ੍ਰਚਾਰ ਤੇ ਪ੍ਰਸਾਰ ਲਈ ਯਤਨਸ਼ੀਲ ਹੈ। ਸੰਤ ਫੂਲ ਨਾਥ ਜੀ ਨੇ ਆਪਣੇ ਗਰੀਬ ਦਲਿਤ ਸਮਾਜ ਨੂੰ ਜਿੱਥੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਜੋੜਿਆ, ਉਥੇ ਆਪਣਾ ਸਮਾਜਿਕ ਤੇ ਆਰਥਿਕ ਜੀਵਨ ਉਚਾ ਚੁੱਕਣ ਦੀ ਵੀ ਪ੍ਰੇਰਣਾ ਦਿੱਤੀ। ਸੰਤ ਮਹਾਰਾਜ ਜੀ ਨੇ ਵਹਿਮਾਂ-ਭਰਮਾਂ ਨੂੰ ਤਿਆਗ ਕੇ ਕੇਵਲ ਗੁਰੂ ਰਵਿਦਾਸ ਜੀ ਦੀ ਵਿਚਰਧਾਰਾ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ ਹੈ। ਡੇਰੇ ਦੇ ਦੂਜੇ ਗੱਦੀ ਨਸ਼ੀਨ ਸੰਤ ਬ੍ਰਹਮ ਨਾਥ ਜੀ ਨੇ ਬਹੁਤ ਸਾਰੀ ਉਸਾਰੀ ਕਰਵਾਈ ਅਤੇ ਬੁਲੰਦੀਆਂ ਵੱਲ ਪਹੁੰਚਾਇਆ।

ਡੇਰੇ ਦੇ ਤੀਜੇ ਗੱਦੀ ਨਸ਼ੀਨ ਸੰਤ ਕ੍ਰਿਸ਼ਨ ਨਾਥ ਜੀ ਦਲਿਤ ਕੌਮ ਦੇ ਨਿਧੜਕ ਤੇ ਨਿਡਰ ਪ੍ਰਚਾਰਕ ਹਨ। ਸੰਤ ਕ੍ਰਿਸ਼ਨ ਨਾਥ ਜੀ ਵੱਲੋਂ ਗਰੀਬ ਬੱਚਿਆਂ ਦੀ ਆਰਥਿਕ ਸਹਾਇਤਾ ਕੀਤੀ ਜਾਂਦੀ ਹੈ ਅਤੇ ਗਰੀਬ ਸਮਾਜ ਲਈ ਬਹੁਤ ਉਪਰਾਲੇ ਕਰ ਕੇ ਪੜ੍ਹਾਈ ਦੇ ਖੇਤਰ ਵਿਚ ਗਰੀਬ ਬੱਚਿਆਂ ਨੂੰ ਪਹਿਲੇ ਨੰਬਰ 'ਤੇ ਆਉਣ 'ਤੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਸੰਤ ਕ੍ਰਿਸ਼ਨ ਨਾਥ ਜੀ ਦਲਿਤ ਸਮਾਜ ਦੇ ਸਾਹਿਤਕਾਰਾਂ, ਲੇਖਕਾਂ ਤੇ ਗਾਇਕਾਂ ਦੇ ਹੌਂਸਲੇ ਵੀ ਬੁਲੰਦ ਕਰਦੇ ਹਨ। ਉਨ੍ਹਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਦੀ ਪ੍ਰੇਰਨਾ ਦਿੰਦੇ ਹਨ ਅਤੇ ਹਮੇਸ਼ਾ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨਾਲ ਜੋੜਦੇ ਹਨ।

## ਤਪੱਸਵੀ ਸੰਤ ਪਾਰਸ ਨਾਥ ਜੀ, ਨੰਗਲ ਖੇੜਾ




ਸੰਤ ਟਹਿਲ ਨਾਥ ਜੀ ਗੱਦੀ ਨਸ਼ੀਨ ਡੇਰਾ 108 ਸੰਤ ਪਾਰਸ ਨਾਥ ਜੀ, ਗੁਰੂ ਰਵਿਦਾਸ ਜੀ ਦੀ ਵਿਚਾਰਧਾਰ ਦਾ ਪ੍ਰਚਾਰ ਦੇਸ਼ਾਂ-ਵਿਦੇਸ਼ਾਂ ਵਿਚ ਕਰ ਰਹੇ ਹਨ। ਡੇਰੇ ਦੇ ਬਾਨੀ ਤਪੱਸਵੀ ਸੰਤ ਪਾਰਸ ਨਾਥ ਜੀ ਬ੍ਰਹਮ ਗਿਆਨੀ ਬਾਬਾ ਫੂਲ ਨਾਥ ਜੀ ਦੇ ਸ਼ਿਸ਼ ਸਨ। ਸੰਤ ਪਾਰਸ ਨਾਥ ਜੀ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਮਹਾਨ ਕਾਰਜ ਆਰੰਭ ਕੀਤਾ। ਸੰਤ ਟਹਿਲ ਨਾਥ ਜੀ ਆਪਣੇ ਸੁਆਮੀ ਜੀ ਦੇ ਆਰੰਭੇ ਕਾਰਜਾਂ ਨੂੰ ਬੜੀ ਮਿਹਨਤ ਤੇ ਲਗਨ ਨਾਲ ਅੱਗੇ ਵਧਾ ਰਹੇ ਹਨ। ਜਿੱਥੇ ਸੰਤ ਟਹਿਲ ਨਾਥ ਜੀ ਭਗਤੀ ਦੇ ਸੋਮੇ ਹਨ ਉਥੇ ਉਹ ਮਹਾਨ ਸਾਹਿਤਕਾਰ ਤੇ ਰਾਗੀ ਵੀ ਹਨ। ਆਪ ਆਪਣੀਆਂ ਲਿਖੀਆਂ ਪੁਸਤਕਾਂ ਸੱਚ ਦਾ ਸੂਰਜ, ਗੁਰੂ ਦਾ ਦੁਆਰਾ, ਕਾਂਸ਼ੀ ਦਾ ਪੈਗੰਬਰ, ਕਾਂਸ਼ੀ ਵਿਚ ਚੰਨ ਚੜ੍ਹਿਆ ਵੀ ਲਿਖ ਕੇ ਗੁਰੂ ਜੀ ਦਾ ਸੁਨੇਹਾ ਘਰ-ਘਰ ਪਹੁੰਚਾ ਰਹੇ ਹਨ। ਸੰਤ ਜੀ ਦੁਆਰਾ ਗਰੀਬ ਵਰਗ ਦੀਆਂ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਮੁਫਤ ਦਿੱਤੀਆਂ ਜਾਂਦੀਆਂ ਹਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਵਰਜਦੇ ਹਨ। ਸੰਗੀਤ ਦੀ ਮੁਫਤ ਸਿੱਖਿਆ ਪ੍ਰੇਮੀ ਜਨਾਂ ਨੂੰ ਦਿੱਤੀ ਜਾਂਦੀ ਹੈ। ਗੁਰੂ ਜੀ ਦੇ ਮਿਸ਼ਨ ਨਾਲ ਕੌਮ ਨੂੰ ਲਾਉਣਾ ਸੰਤਾਂ ਦਾ ਮੁੱਖ ਮਕਸਦ ਹੈ। ਇਸ ਕਾਰਜ ਵਿਚ ਡੇਰੇ ਵਿਖੇ ਸੇਵਾਦਾਰ ਮੁਕੇਸ਼ ਗੋਲਡੀ ਸੇਵਾ ਨਿਭਾਅ ਰਿਹਾ ਹੈ।

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ ॥
ੴ ਸਤਿਗੁਰ ਪ੍ਰਸਾਦਿ ॥

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧ ॥
ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥ ਹਮ ਅਉਗਨ ਤੁਮ੍ ਉਪਕਾਰੀ ॥੧ ॥ ਰਹਾਉ ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨ ॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩ ॥੩ ॥ (ਪੰਨਾ ੪੮੬)

## ਮਧੁਪ ਮਖੀਰਾ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਆਸਾ ਬਾਣੀ ਵਿਚ ਲਿਖਦੇ ਹਨ ਕਿ ਹੇ ਪਾਰਬ੍ਰਹਮ ਜੀ! ਤੁਸੀਂ ਚੰਦਨ ਸਮਾਨ ਉਤਮ, ਅਸੀਂ ਇਰੰਡ ਵਾਂਗ ਤੁੱਛ ਜਿਹੇ ਹਾਂ, ਅਸੀਂ ਤੇਰੀ ਸੰਗਤ ਵਿਚ ਹਾਂ। ਤੇਰੀ ਸੰਗਤ ਕਰਕੇ ਸਾਡੇ ਵਿਚ ਵੀ ਗੁਣ ਆ ਗਏ ਹਨ ਤੇ ਅਸੀਂ ਵੀ ਉੱਚੇ ਹੋ ਗਏ ਹਾਂ। ਤੇਰੀ ਸੰਗਤ ਵਿਚ ਰਹਿ ਕੇ ਸਤਿਸੰਗਤ ਮਿਲਦੀ ਹੈ। ਅਸੀਂ ਔਗੁਣਹਾਰੇ ਤੇ ਤੁਸੀਂ ਉਪਕਾਰੀ ਹੋ। ਤੁਸੀਂ ਚਿੱਟੇ ਪੀਲੇ ਰੇਸ਼ਮ ਵਰਗੇ ਪਵਿੱਤਰ ਤੇ ਅਸੀਂ ਕੀੜਿਆਂ ਵਰਗੇ ਹਾਂ। ਪ੍ਰਭ ਜੀ! ਅਸ਼ੀਰਵਾਦ ਦਿਓ ਕਿ ਅਸੀਂ ਤੁਹਾਡੀ ਸੰਗਤ ਵਿਚ ਸ਼ਹਿਦ ਦੀਆਂ ਮੱਖੀਆਂ (ਮਧੂ ਮੱਖੀਆਂ) ਵਾਂਗ ਰਹੀਏ। ਮੇਰੀ ਜਾਤ-ਪਾਤ, ਜਨਮ, ਰਹਿਣ-ਸਹਿਣ ਔਗੁਣ ਕਰਕੇ ਚੰਗਾ ਨਹੀਂ, ਵਿਕਾਰਾਂ ਭਰਿਆ ਹੈ। ਇਸੇ ਕਰਕੇ ਹੀ ਰਵਿਦਾਸ ਚਮਾਰ ਕੋਲੋਂ ਭਗਤੀ ਨਹੀਂ ਹੋ ਸਕੀ, ਤੁਸੀਂ ਪ੍ਰੇਮਾ ਭਗਤੀ ਦੀ ਬਖਸ਼ਿਸ਼ ਕਰੋ।

ਪਿਆਰੀ ਸਾਧ ਸੰਗਤ ਜੀਓ! ਸੱਚਮੁੱਚ ਹੀ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤ ਮਧੁਪ ਮਖੀਰਾ (ਸ਼ਹਿਦ ਦੀਆਂ ਮੱਖੀਆਂ) ਵਾਂਗ ਰਹਿ ਰਹੀ ਹੈ। ਸਾਰੇ ਸੰਸਾਰ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਡੇਰੇ (ਧਾਰਮਿਕ ਅਸਥਾਨ) ਬਣੇ ਹੋਏ ਹਨ, ਜਿੱਥੇ ਕਰੋੜਾਂ ਹੀ ਸੰਗਤਾਂ ਨਤਮਸਤਕ ਹੁੰਦੀਆਂ ਹਨ। ਇਹ ਸੰਗਤਾਂ ਬੜੇ ਪਿਆਰ ਨਾਲ ਵਸ ਰਹੀਆਂ ਹਨ। ਇਨ੍ਹਾਂ ਸੰਗਤਾਂ ਦਾ ਆਸ਼ਾ ਪ੍ਰਭੂ-ਮਿਲਣ ਅਤੇ ਆਵਾਗਮਨ ਦੇ ਚੱਕਰਾਂ ਤੋਂ ਛੁਟਕਾਰਾ ਪਾਉਣਾ ਹੈ। ਦੁਨਿਆਵੀ ਲਗ-ਲਬੇੜ ਤੋਂ ਰਹਿਤ ਤਪੀਸਰ, ਸੰਤ ਮਹਾਂਪੁਰਸ਼ ਇਨ੍ਹਾਂ ਸੰਗਤਾਂ ਦੀ ਰਹਿਨੁਮਾਈ ਕਰ ਰਹੇ ਹਨ। ਜਿਵੇਂ ਕਿ ਹਰ ਸ਼ਹਿਦ ਦੇ ਛੱਤੇ ਵਿਚ ਇਕ ਰਾਣੀ ਮੱਖੀ ਹੁੰਦੀ ਹੈ, ਸਾਰੀਆਂ ਮੱਖੀਆਂ ਉਸ ਦਾ ਕਹਿਣਾ ਮੰਨਦੀਆਂ ਤੇ ਉਸ ਦੀ ਆਗਿਆ ਵਿਚ ਰਹਿੰਦੀਆਂ ਹਨ, ਉਸੇ ਤਰ੍ਹਾਂ ਸੰਤ-ਮਹਾਂਪੁਰਸ਼ ਸੰਗਤਾਂ ਦੀ ਅਗਵਾਈ ਕਰਦੇ ਹਨ। ਜੇਕਰ ਇਨ੍ਹਾਂ ਮਧੂ-ਮੱਖੀਆਂ ਨੂੰ ਕੋਈ ਪ੍ਰੇਸ਼ਾਨ ਕਰੇ ਤਾਂ ਇਨ੍ਹਾਂ ਦਾ ਰੂਪ ਭਿਆਨਕ ਵੀ ਬਣ ਜਾਂਦਾ ਹੈ। ਇਹ ਦੁਸ਼ਮਣ 'ਤੇ ਟੁੱਟ ਪੈਂਦੀਆਂ ਹਨ ਤੇ ਆਪਣੀ ਰਾਖੀ ਕਰਦੀਆਂ ਹਨ। ਪਿਛਲੇ ਸਾਲ ਇਨ੍ਹਾਂ ਦੇ ਸ਼ਹਿਦ ਦੇ ਛੱਤੇ ਵਿਚ (ਸੰਤ ਰਾਮਾਨੰਦ ਜੀ ਨੂੰ ਸ਼ਹੀਦ ਕੀਤਾ) ਵੱਟਾ ਮਾਰਿਆ ਗਿਆ ਤਾਂ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਤੇ ਦੇਸ਼-ਕੌਮ ਦਾ ਭਾਰੀ ਨੁਕਸਾਨ ਹੋਇਆ।

ਸੋ ਸਾਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਪਵਿੱਤਰ ਬਾਣੀ 'ਤੇ ਅਮਲ ਕਰਦਿਆਂ ਸਾਰੇ ਸੰਸਾਰ ਵਿਚ ਮਧੁਪ ਮਖੀਰਾ ਦਾ ਉਪਦੇਸ਼ ਦੇਣਾ ਚਾਹੀਦਾ ਹੈ ਤਾਂ ਕਿ ਸਾਰਾ ਸੰਸਾਰ ਹੀ ਉਸ ਪ੍ਰਭੂ ਦੀ ਭਗਤੀ ਕਰਕੇ ਅਮਨ-ਚੈਨ ਤੇ ਖੁਸ਼ਹਾਲੀ ਦੇ ਰਸਤੇ 'ਤੇ ਤੁਰੇ ਤੇ ਸਾਰਾ ਸੰਸਾਰ ਹੀ ਬੇਗਮਪੁਰਾ ਬਣ ਜਾਵੇ।

# ਧਾਰਮਿਕ ਸਾਹਿਤ ਦਾ ਮਹਾਂਕੁੰਭ

ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਬਾਣੀ ਮਿਸ਼ਨ ਪ੍ਰਚਾਰ ਹਿਤ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ, (ਰਜਿ.) ਪਿਛਲੇ 20 ਸਾਲਾਂ ਤੋਂ ਸਰਗਰਮ ਹੈ। ਸੰਸਥਾ ਦੇ ਮੈਂਬਰ ਦਸਾਂ ਨੌਹਾਂ ਦੀ ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਇਸ ਪਵਿੱਤਰ ਉਦਮ ਲਈ ਉਪਰਾਲੇ ਕਰ ਰਹੇ ਹਨ। ਸੰਸਥਾ ਦੇ ਇਸ ਮਹਾਨ ਕਾਰਜ ਨੂੰ ਵੇਖਦਿਆਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੀ ਇਸ ਮਹਾਂ ਕੁੰਭ ਵਿਚ ਯਥਾਯੋਗ ਭਾਗ ਲੈ ਰਹੀਆਂ ਹਨ। ਸੰਸਥਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਹਰ ਸਾਲ ਪੰਫਲਿਟ ਛਾਪ ਕੇ ਸੰਗਤਾਂ ਨੂੰ ਬਿਲਕੁਲ ਮੁਫਤ ਡਾਕ ਰਾਹੀਂ ਭੇਜਿਆ ਜਾ ਰਿਹਾ ਹੈ। ਇਸ ਕਾਰਜ 'ਤੇ ਹਰ ਸਾਲ 35-40 ਹਜ਼ਾਰ ਰੁਪਿਆ ਖਰਚ ਹੁੰਦਾ ਹੈ। ਬੱਚਿਆਂ ਦੀਆਂ ਦੋ ਮਹੀਨੇ ਧਾਰਮਿਕ ਕਲਾਸਾਂ ਲਾ ਕੇ ਟੈਸਟ ਲਿਆ ਜਾਂਦਾ ਹੈ। ਪੇਪਰ ਚੈਕ ਕਰਨ ਤੋਂ ਬਾਅਦ ਰਿਜ਼ਲਟ ਕੱਢ ਕੇ ਬੱਚਿਆਂ ਨੂੰ ਰੰਗਦਾਰ ਸਰਟੀਫਿਕੇਟ, ਤੋਹਫੇ ਅਤੇ ਕਾਪੀਆਂ-ਕਿਤਾਬਾਂ ਆਦਿ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਕੰਮ 'ਤੇ ਵੀ ਕਾਫੀ ਮਾਇਆ ਖਰਚ ਆ ਜਾਂਦੀ ਹੈ। ਧਾਰਮਿਕ ਪੁਸਤਕਾਂ ਅਤੇ ਗੁਰਬਾਣੀ ਦੇ ਗੁਟਕੇ ਛਾਪ ਕੇ ਵੀ ਲਾਗਤ ਮੁੱਲ 'ਤੇ ਭੇਜੇ ਜਾਂਦੇ ਹਨ, ਇਨ੍ਹਾਂ ਕੰਮਾਂ ਦੀ ਸੰਗਤ ਵੱਲੋਂ ਪ੍ਰਸੰਸਾ ਕੀਤੀ ਜਾ ਰਹੀ ਹੈ। ਪ੍ਰਸੰਸਾ ਦੇ ਨਾਲ-ਨਾਲ ਸੰਗਤਾਂ ਵੱਲੋਂ ਮਾਇਆ ਦੇ ਗੱਫੇ ਵੀ ਭੇਜੇ ਜਾ ਰਹੇ ਹਨ, ਜਿਹੜੇ ਕਿ ਇਨ੍ਹਾਂ ਕੰਮਾਂ ਵਿਚ ਸਹਾਈ ਹੋ ਰਹੇ ਹਨ। ਪਿਛਲੇ ਤੋਂ ਪਿਛਲੇ ਸਾਲ ਸ੍ਰੀ ਦੌਲਤ ਰਾਮ ਬੱਧਣ ਜੀ ਨੇ ਅਮਰੀਕਾ ਤੋਂ ਮਾਇਆ ਭੇਜੀ। ਇਸ ਤਰ੍ਹਾਂ ਪਿਛਲੇ ਸਾਲ ਬਲਬੀਰ ਹੀਰ, ਤੇਜਪਾਲ ਗੰਗੜ, ਗੁਰਮੁਖ ਦਿਉਲ ਅਤੇ ਕੁਲਵੰਤ ਮਹੇ ਨੇ ਮਾਇਆ ਦੇ ਗੱਫੇ ਭੇਜੇ। ਖੁਰਾਲਗੜ੍ਹ ਸਾਹਿਬ ਦਾ ਇਤਿਹਾਸ ਛਾਪਣ ਲਈ ਸੰਨ 2006 ਵਿਚ ਸ੍ਰੀ ਪੁੰਨੂੰ ਰਾਮ ਜੀ (ਇੰਗਲੈਂਡ), ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਗੁਰਮੀਤ ਕੌਰ, ਸਪੁੱਤਰ ਸ੍ਰੀ ਰਾਜਕੁਮਾਰ, ਸਪੁੱਤਰੀ ਕੁਮਾਰੀ ਊਸ਼ਾ ਵਾਸੀ ਲੰਮਾ ਪਿੰਡ, ਜਲੰਧਰ ਨੇ ਸਮੇਤ ਪਰਿਵਾਰ 2500 ਰੁਪਏ ਦੀ ਸੇਵਾ ਭੇਜੀ ਤੇ ਇਸ ਸਾਲ ਸ੍ਰੀ ਜਸਵਿੰਦਰ ਕਟਾਰੀਆ ਜੀ ਨੇ ਯੂ.ਕੇ. ਤੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਮਾਇਆ ਭੇਜੀ ਹੈ। ਇਸ ਮਾਇਆ ਨਾਲ ਇਹ ਹਥਲਾ ਪੰਫਲਿਟ (15000 ਦੀ ਗਿਣਤੀ ਵਿਚ) 'ਮਧੁਪ ਮਖੀਰਾ' ਛਾਪਿਆ ਗਿਆ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਗੁਰਬਾਣੀ ਦੇ ਗੁਟਕੇ ਅਤੇ ਹੋਰ ਸਾਹਿਤ ਛਾਪਿਆ ਜਾ ਰਿਹਾ ਹੈ। ਸਾਨੂੰ ਉਮੀਦ ਹੈ ਕਿ ਇਹ ਸੱਜਣ ਅਤੇ ਹੋਰ ਦੇਸ਼ੀ-ਵਿਦੇਸ਼ੀ ਸੰਗਤ ਇਸ ਧਰਮ ਲਿਟਰੇਚਰ ਦੇ ਮਹਾਂ ਕੁੰਭ ਵਿਚ ਯਥਾਯੋਗ ਆਪਣਾ ਹਿੱਸਾ ਪਾਉਂਦੇ ਰਹਿਣਗੇ।

ਇਨ੍ਹਾਂ ਤੋਂ ਬਿਨਾਂ ਧਾਰਮਿਕ ਲਿਟਰੇਚਰ ਅਤੇ ਹੋਰ ਗਤੀਵਿਧੀਆਂ ਲਈ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਵੱਲੋਂ ਭੇਜੀ ਗਈ ਮਾਇਆ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| | |
|---|---|
| 1. ਸਤਿਗੁਰੂ ਰਵਿਦਾਸ ਮੰਦਿਰ ਕਮੇਟੀ ਪਿੰਡ ਆਹਣ ਖੇੜੀ, ਜ਼ਿਲ੍ਹਾ ਸੰਗਰੂਰ | 500/- |
| 2. ਅਮਰੀਕ ਲਾਲ ਪਿੰਡ ਬਿਨਪਾਲਕੇ, ਜ਼ਿਲ੍ਹਾ ਜਲੰਧਰ (ਡੁਬਈ) | 1000/- |
| 3. ਅਮਰੀਕ ਸਿੰਘ ਪਿੰਡ ਨੰਗਲ ਈਸ਼ਰ, ਜ਼ਿਲ੍ਹਾ ਹੁਸ਼ਿਆਰਪੁਰ | 1250/- |
| 4. ਗੁਰਪ੍ਰੀਤ ਸਿੰਘ ਪਿੰਡ ਝਾਵਾਂ, ਜ਼ਿਲ੍ਹਾ ਹੁਸ਼ਿਆਰਪੁਰ (ਡੁਬਈ) | 1250/- |
| 5. ਜਸਵੀਰ ਸਿੰਘ ਪਿੰਡ ਝਾਵਾਂ, ਜ਼ਿਲ੍ਹਾ ਹੁਸ਼ਿਆਰਪੁਰ (ਡੁਬਈ) | 1200/- |
| 6. ਸਤਪਾਲ ਸਿੰਘ ਪਿੰਡ ਨਿੰਮਾ ਨਲੋਆ, ਜ਼ਿਲ੍ਹਾ ਹੁਸ਼ਿਆਰਪੁਰ | 1200/- |
| 7. ਦੇਸ ਰਾਜ ਪਿੰਡ ਚਾਹਲ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ (ਡੁਬਈ) | 618/- |
| 8. ਅਸ਼ਵਨੀ ਕੁਮਾਰ ਪਿੰਡ ਹੁਸੈਨਪੁਰ, ਜ਼ਿਲ੍ਹਾ ਹੁਸ਼ਿਆਰਪੁਰ (ਡੁਬਈ) | 50 ਦਰਾਮ |
| 9. ਬਲਵੀਰ ਸਿੰਘ ਪਿੰਡ ਰੰਧਾਵਾ ਬਰੂਟਾ, ਜ਼ਿਲ੍ਹਾ ਹੁਸ਼ਿਆਰਪੁਰ (ਡੁਬਈ) | 50 ਦਰਾਮ |

ਸੰਗਤਾਂ ਦਾ ਦਾਸ

- ਰਛਪਾਲ ਸਿੰਘ ਬੱਧਣ, ਮੋ. 94176-10120

ਸ੍ਰੀ ਗੁਰੂ ਰਵਿਦਾਸ ਜੀ ਨੇ ਆਸਾ ਬਾਣੀ ਦੇ ਸ਼ਬਦ 'ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ....।' ਵਿੱਚ ਕੁਝ ਸਿਧਾਂਤਾਂ ਦੀ ਸਿਰਜਣਾ ਕੀਤੀ ਹੈ, ਜੋ ਇਸ ਸ਼ਬਦ ਦੇ ਡੂੰਘੇ ਅਧਿਐਨ ਤੋਂ ਪ੍ਰਾਪਤ ਹੁੰਦੀ ਹੈ, ਆਓ ਵਿਚਾਰੀਏ।

# ਸਿਧਾਂਤਾਂ ਦੀ ਸਿਰਜਣਾ

ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਵਿਚ ਅਟੱਲ ਸੱਚਾਈਆਂ ਨਿਰੂਪਤ ਕੀਤੀਆਂ ਹਨ। ਇਨ੍ਹਾਂ ਦਾ ਵਿਗਿਆਨਕ ਆਧਾਰ ਹੋਣ ਕਰਕੇ ਇਹ ਅਟੱਲ ਸਿਧਾਂਤ ਹੀ ਹਨ :-

1. ਤ੍ਰਿਗਦ ਜੂਨਾਂ ਵਿਚ ਕੇਵਲ ਇਕ-ਇਕ ਵਿਕਾਰ ਹੈ। ਇਸ ਇਕ ਵਿਕਾਰ ਨਾਲ ਹੀ ਉਨ੍ਹਾਂ ਦਾ ਨਾਸ਼ ਹੋ ਜਾਂਦਾ ਹੈ, ਪਰ ਮਨੁੱਖ ਵਿਚ ਤਾਂ ਇਹ ਅਸਾਧ ਪੰਜੇ ਵਿਕਾਰ ਹਨ, ਇਨ੍ਹਾਂ ਤੋਂ ਬਚਣਾ ਸੰਭਵ ਨਹੀਂ ਹੈ।

2. ਮਨੁੱਖ ਦੇ ਵਿਕਾਰਾਂ ਵਿਚ ਫਸਣ ਦਾ ਕਾਰਨ ਮਨੁੱਖ ਦੀ ਮੰਦ-ਬੁੱਧੀ ਸਦਕਾ ਸੋਚ-ਵਿਚਾਰ ਤੋਂ ਕੰਮ ਨਾ ਲੈਣਾ ਹੈ, ਜਿਸ ਕਰਕੇ ਉਹ ਆਪਣੇ ਆਪ ਹੀ ਜਾਣ ਬੁੱਝ ਕੇ ਅਗਿਆਨਤਾ ਵਿਚ ਜਾ ਫਸਦਾ ਹੈ।

3. ਮਨੁੱਖ ਜਨਮ ਵੇਲੇ ਹੀ ਉਹ ਸਾਰੇ ਗੁਣ ਧਾਰਨ ਕਰਕੇ ਸੰਸਾਰ ਵਿਚ ਆਉਂਦਾ ਹੈ, ਜਿਹੜੇ ਬ੍ਰਹਮ-ਗਿਆਨੀਆਂ ਵਿਚ ਹੁੰਦੇ ਹਨ। ਲਫਜ਼ 'ਅਵਤਾਰ' ਦੀ ਵਰਤੋਂ ਇਸ ਤੱਥ ਦਾ ਸਬੂਤ ਹੈ। ਜਨਮ ਦਾ ਅਮੁੱਲਾ (ਦੁਲਭ) ਹੋਣਾ ਬ੍ਰਹਮ-ਗਿਆਨੀ ਦੀ ਹੋਂਦ ਦੀ ਗਵਾਹੀ ਹੈ। ਪਰ ਮੂਰਖ ਮਨੁੱਖ ਨੇ ਨੀਚ ਵਿਕਾਰਾਂ ਦਾ ਸੰਗ ਕਰਕੇ ਇਨ੍ਹਾਂ ਗੁਣਾਂ ਦਾ ਨਾਸ਼ ਕਰ ਦਿੱਤਾ ਹੈ।

4. ਮਨੁੱਖ, ਵਿਕਾਰਾਂ ਦੇ ਸੰਗ ਕਾਰਨ ਆਪਣੀ ਜੂਨ ਆਪ ਤੈਅ ਕਰਦਾ ਹੈ। ਜੇ ਉਹ ਭੈੜੇ ਕਰਮ ਕਰਦਾ ਹੈ ਤਾਂ ਭੈੜੀ ਜੂਨ ਵਿਹਾਜ ਲੈਂਦਾ ਹੈ। ਜੇ ਮਨੁੱਖ ਚੰਗੇ ਕਰਮ ਕਰਦਾ ਹੈ ਤਾਂ ਜੂਨਾਂ ਤੋਂ ਮੁਕਤੀ ਪ੍ਰਾਪਤ ਕਰਕੇ ਪ੍ਰਭ ਦਾ ਸਤਿ ਦਰਬਾਰੀ ਬਣ ਜਾਂਦਾ ਹੈ।

-(ਪੁਸਤਕ 'ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤਤ ਸਿਧਾਂਤ' ਵਿਚੋਂ ਧੰਨਵਾਦ ਸਹਿਤ)
-ਪ੍ਰੋ. ਲਾਲ ਸਿੰਘ, ਲੁਧਿਆਣਾ 94175-57751

* * * * *

# ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤ ਨੂੰ ਸੁਚੇਤ ਹੋਣ ਦੀ ਲੋੜ

ਪਿਛਲੇ ਕੁਝ ਸਾਲਾਂ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਪੂਰੇ ਵਿਸ਼ਵ ਵਿਚ ਬੜੀ ਤੇਜ਼ੀ ਨਾਲ ਫੈਲ ਰਹੀ ਹੈ। ਗੁਰੂ ਜੀ ਦੀ ਵਿਚਾਰਧਾਰਾ ਪ੍ਰਤੀ ਵੱਧਦੀ ਲੋਕਪ੍ਰਿਯਤਾ ਨੂੰ ਦੇਖ ਕੇ ਬਹੁਤ ਸਾਰੇ ਈਰਖਾਲੂ ਲੋਕ ਬੌਖਲਾ ਗਏ ਹਨ। ਬਹੁਤ ਸਾਰੇ ਲੋਕ ਗੁਰੂ ਜੀ ਨੂੰ ਆਪਣੇ-ਆਪਣੇ ਧਰਮ, ਧਾਰਮਿਕ ਰੀਤੀ-ਰਿਵਾਜਾਂ ਜਾਂ ਆਪਣੇ ਪੁਰਾਤਨ ਧਾਰਮਿਕ ਆਗੂਆਂ ਨਾਲ ਜੋੜ ਰਹੇ ਹਨ ਤਾਂ ਕਿ ਗੁਰੂ ਰਵਿਦਾਸ ਨਾਮਲੇਵਾ ਸੰਗਤ ਉਨ੍ਹਾਂ ਦੇ ਧਰਮ, ਰੀਤੀ-ਰਿਵਾਜਾਂ ਨਾਲ ਜੁੜ ਜਾਵੇ। ਅਜਿਹਾ ਕਰਦਿਆਂ ਉਹ ਗੁਰੂ ਜੀ ਦੀ ਵਿਚਾਰਧਾਰਾ, ਗੁਰੂ ਜੀ ਦੇ ਜੀਵਨ ਇਤਿਹਾਸ ਨੂੰ ਗਲਤ ਤਰੀਕੇ ਨਾਲ ਪੇਸ਼ ਕਰਦੇ ਹਨ ਅਤੇ ਗੁਰੂ ਜੀ ਦੀ ਵਿਚਾਰਧਾਰਾ ਨਾਲ ਖਿਲਵਾੜ ਕਰਦੇ ਹਨ। ਅਜਿਹੇ ਲੋਕ ਗੁਰੂ ਜੀ ਦਾ ਕੇਵਲ ਨਾਮ ਹੀ ਵਰਤ ਰਹੇ ਹਨ, ਗੁਰੂ ਜੀ ਪ੍ਰਤੀ ਉਨ੍ਹਾਂ ਵਿਚ ਕੋਈ ਸ਼ਰਧਾ ਨਹੀਂ ਹੈ। ਸਮਾਗਮ ਕਰਨ ਲਈ ਸੜਕਾਂ, ਚੌਕਾਂ ਅਤੇ ਸਟੇਜਾਂ 'ਤੇ ਗੁਰੂ ਰਵਿਦਾਸ ਜੀ ਦੇ ਵੱਡੇ-ਵੱਡੇ ਬੋਰਡ ਲਗਾਏ ਜਾਂਦੇ ਹਨ ਤਾਂ ਕਿ ਗੁਰੂ ਰਵਿਦਾਸ ਨਾਮਲੇਵਾ ਸੰਗਤ ਇਕੱਠੀ ਹੋ ਜਾਵੇ। ਲੇਕਿਨ ਉਨ੍ਹਾਂ ਸਟੇਜਾਂ 'ਤੇ ਭਾਸ਼ਣ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੋਂ ਉਲਟ ਜਾਂ ਕਿਸੇ ਹੋਰ ਧਰਮ ਦਾ ਹੋ ਰਿਹਾ ਹੁੰਦਾ ਹੈ। ਛਪੀਆਂ ਕਿਤਾਬਾਂ 'ਤੇ ਫੋਟੋ ਅਤੇ ਨਾਮ ਤਾਂ ਸ੍ਰੀ ਗੁਰੂ ਰਵਿਦਾਸ ਜੀ ਦਾ ਹੈ ਪਰ ਉਨ੍ਹਾਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਾਧਾਰਾ ਤੋਂ ਸਭ ਕੁਝ ਉਲਟ ਹੈ। ਬਹੁਤ ਸਾਰੇ ਬੁੱਧੀਜੀਵੀ, ਪ੍ਰਚਾਰਕ ਗੁਰੂ ਜੀ ਦੇ

2. ਰਜ਼ੀਆ ਬੀਬੀ ਜੀ- ਇਹ ਆਦਿ ਸਮਾਜ ਦੀ ਉਹ ਮਹਾਨ ਅਣਖੀਲੀ ਯੋਧਾ ਇਸਤਰੀ ਸੀ ਜਿਸ ਨੂੰ ਰਾਜਸਥਾਨ ਦੇ ਜੋਧਪੁਰ ਦੇ ਕਿਲੇ ਦੀਆਂ ਨੀਹਾਂ ਵਿਚ ਜ਼ਿੰਦਾ ਚਿਣਵਾ ਦਿੱਤਾ ਗਿਆ ਸੀ।

3. ਮਹਾਂ ਬੀਰੀ ਦੇਵੀ ਜੀ- ਇਹ ਵੀ ਆਦਿ ਸਮਾਜ ਦੀ ਮਹਾਨ ਯੋਧਾ ਇਸਤਰੀ ਸੀ ਜਿਸ ਨੇ ਆਪਣੀ ਕਮਾਂਡ ਵਿਚ ਕੁਝ ਸਾਥਣਾਂ ਨੂੰ ਨਾਲ ਲੈ ਕੇ ਭਾਰਤ ਦੀ ਆਜ਼ਾਦੀ ਦੇ ਜੰਗ ਸਮੇਂ 1857 ਦੇ ਗਦਰ ਵਿਚ ਅੰਗਰੇਜ਼ੀ ਫੌਜਾਂ ਨਾਲ ਲੋਹਾ ਲਿਆ ਅਤੇ ਵੀਰਗਤੀ ਨੂੰ ਪ੍ਰਾਪਤ ਹੋਈ।

4. ਝਲਕਾਰੀ ਬਾਈ- ਇਹ ਆਦਿ ਕੌਮ ਵਿਚ ਇਸਤਰੀਆਂ ਦੀ ਆਨ ਤੇ ਸ਼ਾਨ ਨੂੰ ਚਾਰ ਚੰਨ ਲਾਉਣ ਵਾਲੀ ਝਾਂਸੀ ਦੀ ਸੈਨਾ ਪਤੀ ਸੀ। ਅੰਗਰੇਜ਼ਾਂ ਦੇ ਵਿਰੁੱਧ ਸਾਰੀ ਜੰਗ ਝਲਕਾਰੀ ਬਾਈ ਨੇ ਰਾਣੀ ਝਾਂਸੀ ਦਾ ਰੂਪ ਧਾਰ ਕੇ ਆਪ ਲੜੀ। ਉਸ ਲੜਾਈ ਦਾ ਮੁੱਖ ਯੋਧਾ ਝਲਕਾਰੀ ਬਾਈ ਹੀ ਸੀ। ਅੰਗਰੇਜ਼ ਝਲਕਾਰੀ ਬਾਈ ਨੂੰ ਹੀ ਝਾਂਸੀ ਦੀ ਰਾਣੀ ਸਮਝਦੇ ਸਨ। ਜਦੋਂ ਅੰਗਰੇਜ਼ੀ ਫੌਜਾਂ ਵਿਚ ਰਾਣੀ ਝਾਂਸੀ ਘਿਰ ਗਈ ਤਾਂ ਸੈਨਾਪਤੀ ਝਲਕਾਰੀ ਬਾਈ ਨੇ ਉਸ ਨੂੰ ਬੜੀ ਵਿਉਂਤਬੰਦੀ ਨਾਲ ਜੰਗ ਦੇ ਮੈਦਾਨ ਵਿਚੋਂ ਸੁਰੱਖਿਅਤ ਬਾਹਰ ਭਜਾ ਦਿੱਤਾ ਤੇ ਅੰਗਰੇਜ਼ੀ ਫੌਜਾਂ ਨਾਲ ਲੋਹਾ ਲੈਂਦੀ ਹੋਈ ਝਲਕਾਰੀ ਬਾਈ ਆਪ ਦੇਸ਼ ਤੋਂ ਜਾਨ ਵਾਰ ਗਈ। ਵੀਰਗਤੀ ਨੂੰ ਪ੍ਰਾਪਤ ਹੋਈ ਝਲਕਾਰੀ ਬਾਈ ਨੇ ਆਦਿ ਸਮਾਜ ਦੀਆਂ ਇਸਤਰੀਆਂ ਨੂੰ ਸ਼ਹੀਦੀ ਦੀ ਪ੍ਰਾਪਤੀ ਲਈ ਪ੍ਰੇਰਿਆ ਹੈ।

5. ਮਾਇਆ ਵਤੀ ਜੀ- ਸਾਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਮਾਇਆ ਵਤੀ (ਵਰਤਮਾਨ ਮੁੱਖ ਮੰਤਰੀ, ਉੱਤਰ ਪ੍ਰਦੇਸ਼ ਪ੍ਰਾਂਤ) ਕਿਸ ਪਾਰਟੀ ਦੀ ਹੈ। ਉਸ ਨੇ ਕਿਸ ਪਾਰਟੀ ਨਾਲ ਸਮਝੌਤਾ ਕੀਤਾ ਜਾਂ ਕਿਸ ਪਾਰਟੀ ਦੇ ਵਿਰੁੱਧ ਹੈ। ਅਸੀਂ ਤਾਂ ਇਹ ਗੱਲ ਲੈ ਕੇ ਚੱਲੇ ਹਾਂ ਕਿ ਉਹ ਇਕ ਆਦਿ ਸਮਾਜ ਦੀ ਨਿਡਰ ਨੇਤਾ ਹੈ। ਜੋ ਭਾਰਤ ਦੇਸ਼ ਦੀਆਂ ਕੱਟੜ, ਨਿਰਦਈ, ਜਾਤੀ ਭਿੰਨਤਾ ਦੀਆਂ ਹਮਾਇਤੀ ਤੇ ਹੋਰ ਵੱਡੀਆਂ-ਵੱਡੀਆਂ ਪਾਰਟੀਆਂ ਨਾਲ ਨਿਡਰ ਹੋ ਕੇ ਆਪਣੀ ਬੁੱਧੀ ਦਾ ਸਹੀ ਉਪਯੋਗ ਕਰਦੀ ਹੋਈ ਡਟੀ ਹੋਈ ਹੈ ਤੇ ਹਰ ਚਤਰ ਤੋਂ ਚਤਰ ਤੇ ਯੋਗ ਤੋਂ ਯੋਗ ਸਿਆਸਤਦਾਨਾਂ (ਰਾਜਨੀਤਕਾਂ) ਨਾਲ ਜੂਝਣਾ ਜਾਣਦੀ ਹੈ। ਇਹ ਆਦਿ ਸਮਾਜ ਦਾ ਹੀ ਇਕ ਚਮਕੀਲਾ ਹੀਰਾ ਹੈ।

ਮਾਸਟਰ ਰਾਮਧਨ ਨਾਗਲੂ, ਭੋਗਪੁਰ (ਜਲੰਧਰ), ਮੋ. 98154-85844

* * * * *

ਨੋਟ : 1. ਜ਼ਰੂਰੀ ਨਹੀਂ ਕਿ ਇਸ ਪੈਂਫਲਿਟ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਪੂਰੀ ਤਰ੍ਹਾਂ ਸਹਿਮਤ ਹੋਵੇ।

2. ਬੇਨਤੀ ਹੈ ਕਿ ਇਸ ਪੈਂਫਲਿਟ ਨੂੰ ਆਪ ਪੜ੍ਹ ਕੇ ਦੂਸਰਿਆਂ ਨੂੰ ਪੜ੍ਹਨ ਲਈ ਦਿਓ। ਸੂਝ ਵਾਨ ਪਾਠਕ ਸਾਡੇ ਨਾਲ ਚਿੱਠੀ-ਪੱਤਰ ਜ਼ਰੂਰ ਕਰਨ। ਜੇ ਕੋਈ ਸੁਝਾਅ ਸਾਨੂੰ ਦੇਣਾ ਚਾਹੇ ਤਾਂ ਸੰਸਥਾ ਉਸ 'ਤੇ ਵਿਚਾਰ ਕਰੇਗੀ।

ਟ੍ਰੈਕਟ ਨੰ. 18 ਪਹਿਲੀ ਵਾਰ : 15000 ਜਨਵਰੀ 2010

**ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) (ਰਜਿ.)**

(ਰਜਿ. ਨੰ: 179/2006-07)

*ਹੈਡ ਆਫਿਸ :* N.B. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ -4

ਫੋਨ : 0181-2490309, ਮੋਬਾਇਲ : 94176-10120

*ਸਬ ਆਫਿਸ :* ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ,

ਜ਼ਿਲ੍ਹਾ ਜਲੰਧਰ-144 201 ਫੋਨ : 0181-2725408

# ਪੜ੍ਹਿਆ-ਲਿਖਿਆ ਸਮਾਜ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੋਂ ਦੂਰ ਕਿਉਂ?

ਸਤਿਗੁਰੂ ਰਵਿਦਾਸ ਜੀ ਦੁਨੀਆ ਵਿਚ ਉਸ ਵੇਲੇ ਪ੍ਰਗਟ ਹੋਏ ਜਦੋਂ ਸਮਾਜ ਵਿਚ ਆਪਸੀ ਦੂਰੀਆਂ ਬਹੁਤ ਸਨ ਅਤੇ ਜਾਤ-ਪਾਤ ਦਾ ਬਹੁਤ ਹੀ ਬੋਲਬਾਲਾ ਸੀ। ਉਚੀਆਂ ਜਾਤਾਂ ਵਾਲੇ ਆਮ ਲੋਕਾਂ ਨੂੰ ਬਹੁਤ ਹੀ ਘ੍ਰਿਣਾ ਨਾਲ ਵੇਖਦੇ ਸਨ ਅਤੇ ਉਨ੍ਹਾਂ ਨੂੰ ਹਰ ਖੇਤਰ ਵਿਚ ਉਨਤੀ ਕਰਨ ਤੋਂ ਰੋਕਦੇ ਸਨ। ਇਸ ਤਰ੍ਹਾਂ ਛੋਟੇ ਸਮਾਜ ਦੇ ਲੋਕਾਂ ਨੂੰ ਉਚੀਆਂ ਜਾਤਾਂ ਵਾਲੇ ਲੋਕਾਂ ਦੀਆਂ ਜ਼ਧੀਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ।

ਸਤਿਗੁਰੂ ਰਵਿਦਾਸ ਜੀ ਦੁਨੀਆ ਵਿਚ ਚਲ ਰਹੇ ਵਰਤਾਰੇ ਤੋਂ ਬਹੁਤ ਹੀ ਦੁਖੀ ਹੋਏ ਅਤੇ ਉਨ੍ਹਾਂ ਨੇ ਉਸ ਸਮੇਂ ਚਲ ਰਹੇ ਤੰਤਰ ਦੇ ਹਰ ਪੱਖ ਵਿਚ ਉਲਟ ਕੰਮ ਕੀਤਾ ਅਤੇ ਦੱਸਿਆ ਕਿ ਹਰ ਇਕ ਪ੍ਰਾਣੀ ਪ੍ਰਭੂ ਦਾ ਭੇਜਿਆ ਹੋਇਆ ਇਥੇ ਆਇਆ ਹੈ ਅਤੇ ਸਾਰਿਆਂ ਦੀ ਬਣਤਰ ਵੀ ਇਕੋ ਜਿਹੀ ਹੈ। ਸਤਿਗੁਰਾਂ ਦੇ 40 ਸ਼ਬਦ ਅਤੇ ਇਕ ਸਲੋਕ ਧੰਨ-ਧੰਨ ਸਤਿਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਅਤੇ ਉਨ੍ਹਾਂ ਨੇ ਉਚਾਰਨ ਕੀਤਾ ਕਿ 'ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ਕਨਕ ਕਟਿਕ ਜਲ ਤਰੰਗ ਜੈਸਾ।' 'ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ। ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਵਸੈ ਵਿਚਾਰਾ।' 'ਮਾਧੋ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਆਦਿ ਸ਼ਬਦ ਰਚ ਕੇ ਸਮਾਜ ਦੇ ਲੋਕਾਂ ਨੂੰ ਗਫਲਤ ਦੀ ਨੀਂਦ 'ਚੋਂ ਜਗਾਇਆ।

ਫਰਜ਼ ਤਾਂ ਸਾਰਿਆਂ ਦਾ ਹੀ ਬਣਦਾ ਹੈ ਕਿ ਅਸੀਂ ਰਹਿਬਰਾਂ ਵੱਲੋਂ ਦਿਖਾਏ ਸੱਚ ਦੇ ਰਸਤੇ 'ਤੇ ਚੱਲੀਏ । ਪੜ੍ਹੇ ਲਿਖੇ ਵਰਗ ਤੋਂ ਬਹੁਤ ਆਸਾਂ ਹਨ ਪ੍ਰੰਤੂ ਬੇਹਦ ਅਫਸੋਸ ਹੈ ਕਿ ਪੜ੍ਹਿਆ-ਲਿਖਿਆ ਵਰਗ ਵੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੋਂ ਕੂਹਾਂ ਦੂਰ ਹੈ। ਬਹੁਤੇ ਪੜ੍ਹੇ-ਲਿਖੇ ਆਦਮੀ ਅਜੇ ਵੀ ਬਾਣੀ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ ਅਤੇ ਆਪਣੀ ਮਨਮਰਜ਼ੀ ਮੁਤਾਬਿਕ ਹੀ ਆਪਣਾ ਜੀਵਨ ਨਿਰਬਾਹ ਕਰਦੇ ਹਨ। ਪੜ੍ਹਿਆ-ਲਿਖਿਆ ਆਦਮੀ ਆਪਣਾ ਰਹਿਣ-ਸਹਿਣ ਦਾ ਟਿਕਾਣਾ ਆਪਣੇ ਗਰੀਬ ਸਮਾਜ ਨੂੰ ਛੱਡ ਕੇ ਦੂਰ ਕਿਤੇ ਸ਼ਹਿਰ ਵਿਚ ਜਾ ਕੇ ਬਣਾਉਂਦਾ ਹੈ। ਉਹ ਆਮ ਲੋਕਾਂ ਨੂੰ ਲਤਾੜਨ ਅਤੇ ਮਜਬੂਰ ਕਰਨ ਲਈ ਬਣ ਰਹੀਆਂ ਕੋਝੀਆਂ ਚਾਲਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ ਅਤੇ ਆਪਣਾ ਜੀਵਨ ਮੌਜ-ਮਸਤੀ ਵਾਲਾ ਹੀ ਬਤੀਤ ਕਰਦਾ ਹੈ।

ਪੜ੍ਹੇ-ਲਿਖੇ ਆਦਮੀ ਦੀ ਸਮਾਜ ਵਿਚ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਉਸ ਨੂੰ ਸਮਾਜ ਵਿਚ ਚਲ ਰਹੇ ਹਰ ਤਰ੍ਹਾਂ ਦੇ ਗਲਤ ਵਰਤਾਰੇ ਨੂੰ ਰੋਕਣ ਲਈ ਭਰਪੂਰ ਉਪਰਾਲੇ ਕਰਨੇ ਚਾਹੀਦੇ ਹਨ। ਸਮਾਜ ਦੇ ਲੋਕਾਂ ਨੂੰ ਨਾਲ ਲੈ ਕੇ ਚਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਹਰ ਦਰਦ ਨੂੰ ਆਪਣਾ ਦਰਦ ਸਮਝਣਾ ਚਾਹੀਦਾ ਹੈ। ਨੌਕਰੀ ਤੋਂ ਰਿਟਾਇਰ ਹੋ ਚੁੱਕੇ ਆਦਮੀਆਂ ਨੂੰ ਪਿੰਡ-ਪਿੰਡ ਜਾ ਕੇ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੀਦਾ ਹੈ। ਨੌਜਵਾਨ ਜੋ ਸ਼ਰਾਬ ਤੇ ਹੋਰ ਜ਼ਹਿਰੀਲੇ ਨਸ਼ਿਆਂ ਦੀ ਲਪੇਟ ਵਿਚ ਆ ਗਏ ਹਨ ਉਨ੍ਹਾਂ ਦੀ ਸੋਚ ਨੂੰ ਬਦਲਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣਾ ਜੀਵਨ ਸੁਆਰਨ ਦੀ ਜਾਂਚ ਦੱਸਣੀ ਚਾਹੀਦੀ ਹੈ। ਵਿਹਲੇ ਸਮੇਂ ਦੀ ਯੋਗ ਵਰਤੋਂ ਕਰਦੇ ਹੋਏ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ, ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਕੰਮ, ਪਾਣੀ ਦੀ ਸਹੀ ਸਾਂਭ-ਸੰਭਾਲ ਰੱਖਣ ਦਾ ਕੰਮ ਅਤੇ ਸਾਰਿਆਂ ਨੂੰ ਮਿਲ-ਜੁਲ ਕੇ ਰਹਿਣ ਦਾ ਸੰਦੇਸ਼ ਵੀ ਦੇਣਾ ਚਾਹੀਦਾ ਹੈ।

ਅੱਜ ਅਸੀਂ ਸਾਰੇ ਜਗਤ ਵਿਚ ਸਤਿਗੁਰੂ ਰਵਿਦਾਸ ਜੀ ਦਾ 633ਵਾਂ ਪ੍ਰਗਟ ਦਿਵਸ ਮਨਾ ਰਹੇ ਹਾਂ। ਜੇਕਰ ਅਸੀਂ ਐਵੇਂ ਹੀ ਰੌਲੇ ਰੱਪੇ ਵਿਚ ਸ਼ਰਾਬਾਂ ਪੀ ਕੇ, ਭੰਗੜੇ ਪਾ ਕੇ ਅਤੇ ਕਈ ਤਰ੍ਹਾਂ ਦੇ ਬਨਾਵਟੀ ਢੌਂਗ ਰਚਾ ਕੇ ਉਨ੍ਹਾਂ ਵੱਲੋਂ ਦਰਸਾਏ ਗਏ ਸੱਚ ਹੱਕ ਅਤੇ ਬੇਗਮਪੁਰੇ ਦੇ ਰਸਤੇ ਤੋਂ ਭਟਕ ਗਏ ਤਾਂ ਅਸੀਂ ਆਪਣਾ ਜੀਵਨ ਤਾਂ ਬਰਬਾਦ ਕਰਾਂਗੇ ਹੀ ਪਰ ਗੁਰੂ ਜੀ ਦੀ ਵਿਗਿਆਨਕ ਅਤੇ ਸੱਚ-ਹੱਕ ਦੀ ਸੋਚ ਨਾਲ ਵੀ ਖਿਲਵਾੜ ਕਰਾਂਗੇ।

ਆਓ! ਅੱਜ ਸਾਰੇ ਭਰਮ-ਭੁਲੇਖੇ ਦੂਰ ਕਰਕੇ ਸਤਿਗੁਰਾਂ ਦੀ ਸੋਚ 'ਤੇ ਠੋਕ ਕੇ ਪਹਿਰਾ ਦੇਈਏ ਅਤੇ 'ਸਤਿ ਸੰਗਤਿ ਮਿਲਿ ਰਹੀਐ ਮਾਧਉ' ਦੇ ਕਥਨ ਅਨੁਸਾਰ ਰਲ-ਮਿਲ ਕੇ ਰਹੀਏ। ਆਪਣਾ ਫਰਜ਼ ਪਛਾਣਦੇ ਹੋਏ ਸਮਾਜ ਨੂੰ ਕੂੜ ਦੇ ਹਨ੍ਹੇਰੇ ਵਿਚੋਂ ਬਾਹਰ ਕੱਢੀਏ।

–ਬਖਸ਼ੀ ਰਾਮ, ਪਿੰਡ ਦਰਾਵਾਂ, ਜ਼ਿਲ੍ਹਾ ਜਲੰਧਰ।

* * * * *

## ਅਮੀਰ ਵਰਗ ਧਿਆਨ ਦੇਵੇ

ਦਲਿਤ ਸਮਾਜ ਦੇ ਗਰੀਬਾਂ ਨੂੰ ਆਪਣੇ ਅਮੀਰ ਭਰਾਵਾਂ ਤੋਂ ਬੜੀਆਂ ਆਸਾਂ-ਉਮੀਦਾਂ ਹਨ। ਪਿਛਲੇ ਅਰਸੇ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸਾਡਾ ਅਮੀਰ ਵਰਗ ਆਪਣੇ ਗਰੀਬ ਭਰਾਵਾਂ ਪ੍ਰਤੀ ਕਾਫੀ ਚਿੰਤਤ ਹੈ। ਦੇਸ਼ ਅਤੇ ਵਿਦੇਸ਼ ਵਿਚ ਰਹਿੰਦੇ ਅਮੀਰ ਸਮਾਜ ਨੂੰ ਆਪਣੇ ਸਮਾਜ ਦੇ ਗਰੀਬ ਵਰਗ ਨਾਲ ਬਹੁਤ ਮੋਹ ਹੈ। ਜਿੱਥੇ ਅਮੀਰ ਵਰਗ ਇਨ੍ਹਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਦਾ ਹੈ, ਉਥੇ ਇਸ ਵਰਗ ਨੂੰ ਆਤਮ ਨਿਰਭਰ ਬਣਾਉਣ ਵਿਚ ਜ਼ਿਆਦਾ ਕੋਸ਼ਿਸ਼ ਕਰਨੀ ਚਾਹੀਦੀ ਹੈ। ਵਿਦੇਸ਼ਾਂ ਵਿਚ ਸਥਾਪਿਤ ਹੋ ਚੁੱਕੇ ਦਲਿਤ ਸਮਾਜ ਨੂੰ ਚਾਹੀਦਾ ਹੈ ਕਿ ਦਲਿਤ ਗਰੀਬ ਵਰਗ ਨੂੰ ਆਪਣੇ ਕੋਲ ਬੇਸ਼ੱਕ ਛੋਟੇ ਕੰਮ ਜਾਂ ਥੋੜ੍ਹੇ ਸਮੇਂ ਲਈ ਹੀ ਸੈਟ ਕਰਨ ਦੀ ਕੋਸ਼ਿਸ਼ ਕਰੇ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਮਰੱਥਾ ਅਨੁਸਾਰ ਟੀਚਾ ਰੱਖਣ ਕਿ ਇਕ ਸਾਲ ਵਿਚ ਮੈਂ ਇੰਨੇ ਦ ਲਿਤ ਬੰਦਿਆਂ ਨੂੰ ਰੋਜ਼ੀ-ਰੋਟੀ 'ਤੇ ਲਗਾਉਣਾ ਹੈ।


ਸਾਡੇ ਬੱਚਿਆਂ ਵਿਚ ਤੇਜ਼ ਬੁੱਧੀ ਵਾਲੇ ਬੱਚੇ ਵੀ ਬਹੁਤ ਹਨ ਪ੍ਰੰਤੂ ਉਹ ਗਰੀਬੀ ਕਾਰਨ ਅੱਗੇ ਤੱਕ ਪੜ੍ਹ ਨਹੀਂ ਪਾਉਂਦੇ ਜਾਂ ਫਿਰ ਘਰ ਵਾਲਿਆਂ ਨਾਲ ਕੰਮ-ਕਾਰ ਵਿਚ ਹੱਥ ਵਟਾਉਣ ਲਈ ਪੜ੍ਹਾਈ ਅੱਧਵਾਟੇ ਹੀ ਛੱਡ ਜਾਂਦੇ ਹਨ। ਇਸ ਲਈ ਅਮੀਰ ਵਰਗ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਸਕੂਲਾਂ ਵਿਚ ਜਾ ਕੇ ਅਜਿਹੇ ਬੱਚਿਆਂ ਦੀ ਸ਼ਨਾਖਤ ਕਰਨ ਤੇ ਉਨ੍ਹਾਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਲੈਣ। ਟੈਕਨੀਕਲ, ਮੈਡੀਕਲ ਤੇ ਕੰਪਿਊਟਰ ਡਿਗਰੀ ਕੋਰਸ ਹਰ ਮਨੁੱਖ ਨੂੰ ਆਤਮ ਨਿਰਭਰ ਬਣਾ ਕੇ ਦੂਸਰਿਆਂ ਦੀ ਸਹਾਇਤਾ ਕਰਨ ਯੋਗ ਵੀ ਕਰ ਦਿੰਦੇ ਹਨ ਪ੍ਰੰਤੂ ਸਰਕਾਰ ਨੇ ਪੜ੍ਹਾਈ ਇਤਨੀ ਮਹਿੰਗੀ ਕਰ ਦਿੱਤੀ ਹੈ ਕਿ ਹੁਣ ਇਹ ਗਰੀਬ ਵਰਗ ਦੇ ਬੱਚਿਆਂ ਦੀ ਸਮਰੱਥਾ ਤੋਂ ਬਿਲਕੁਲ ਬਾਹਰ ਹੈ। ਗਰੀਬ ਦਲਿਤ ਵਰਗ ਲਈ ਇੰਜੀਨੀਅਰ, ਡਾਕਟਰ ਬਣਨਾ ਹੁਣ ਕੇਵਲ ਸੁਪਨਾ ਹੀ ਹੁੰਦਾ ਜਾ ਰਿਹਾ ਹੈ। ਅਮਰੀ ਵਰਗ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਡਿਗਰੀ ਕੋਰਸਾਂ ਦੀ ਯੋਗਤਾ ਰੱਖਣ ਵਾਲੇ ਗਰੀਬ ਬੱਚਿਆਂ ਦੀ ਤਲਾਸ਼ ਕਰਕੇ ਉਨ੍ਹਾਂ ਦੀ ਸਹਾਇਤਾ ਕਰਨ। ਗੁਰੂ ਰਵਿਦਾਸ ਮਿਸ਼ਨ ਨਾਲ ਸੰਬੰਧਿਤ ਡੇਰਿਆਂ ਨੂੰ ਚ ਹੀਦਾ ਹੈ ਕਿ ਉਹ ਅਮੀਰ ਵਰਗ ਨੂੰ ਅਜਿਹੀ ਸੇਵਾ ਕਰਨ ਲਈ ਪ੍ਰੇਰਿਤ ਕਰਨ।

–ਪਰਮਜੀਤ ਵਿਰਦੀ

* * * * *

## ਗਰੀਬ ਸਮਾਜ ਲਈ ਖਤਰਾ-ਵੱਧਦੀ ਮਹਿੰਗਾਈ, ਪ੍ਰਦੂਸ਼ਣ ਅਤੇ ਨਸ਼ੇ

ਅਮੀਰੀ ਅਤੇ ਗਰੀਬੀ ਦਾ ਪਾੜਾ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਹੁਣ ਕਰੋੜਾਂ ਰੁਪਏ ਦੀ ਜਾਇਦਾਦ, ਬੈਂਕ ਖਾਤਿਆਂ ਦੇ ਮਾਲਿਕ ਆਮ ਮਿਲ ਰਹੇ ਹਨ ਅਤੇ ਇਸ ਦੇ ਮੁਕਾਬਲੇ ਰੋਟੀ ਟੁਕ ਤੋਂ ਵਿਰਵੇ ਲੋਕਾਂ ਦੀ ਗਿਣਤੀ ਵਿਚ ਵੀ ਚੋਖਾ ਵਾਧਾ ਹੋ ਰਿਹਾ ਹੈ। ਇਕ ਅਮੀਰ ਦਿਨੋ-ਦਿਨ ਅਮੀਰ ਹੋ ਰਿਹਾ ਹੈ ਪ੍ਰੰਤੂ ਗਰੀਬ ਲੋਕਾਂ ਲਈ ਉਪਰ ਉਠਣ ਦੇ ਸਾਰੇ ਦਰਵਾਜ਼ੇ ਬੰਦ ਹੋ ਰਹੇ ਹਨ ਤੇ ਉਹ ਦਿਨ-ਬ-ਦਿਨ ਗਰੀਬ ਹੁੰਦਾ ਜਾ ਰਿਹਾ ਹੈ। ਕੰਮ ਦਿਨੋ-ਦਿਨ ਘੱਟ ਰਿਹਾ ਹੈ। ਗਰੀਬ ਬੰਦੇ ਲਈ ਕਰਜ਼ਾ ਚੁੱਕ ਕੇ ਰੋਜ਼ੀ-ਰੋਟੀ ਕਮਾਉਣ ਲਈ ਜਾਣ ਵਾਲੇ ਅਰਬ ਮੁਲਕਾਂ (ਦੁਬਈ, ਕਤਰ



# ਆਰਤੀ

ੴ ਸਤਿਗੁਰ ਪ੍ਰਸਾਦਿ ॥
ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥



## ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 633ਵੇਂ ਪ੍ਰਕਾਸ਼ ਪੁਰਬ ਦੀ ਸਾਡੇ ਵੱਲੋਂ ਸਾਰੇ ਜਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

ਸਤਨਾਮ ਬਿਲਗਾ, ਪ੍ਰਧਾਨ BSP/S/UK, ਰਮੇਸ਼ ਕਲੇਰ, ਚੇਅਰਮੈਨ, SRGD/ਹਿਊਮਨ ਰਾਈਟਸ, ਯੂ.ਕੇ., ਮਨੋਹਰ ਵਿਰਦੀ, ਸੈਕਟਰੀ BSP/S/UK, ਸੁਨੀਲ ਕਟਾਰੀਆ, ਸੈਕਟਰੀ ਬਰਮਿੰਘਮ, ਰਜਿੰਦਰ ਜੱਸੀ, ਈਸਟ ਐਮ, ਗੁਰਪ੍ਰੀਤ ਬੰਸੀ, ਲੰਡਨ, ਅਮਰਜੀਤ ਵਿਰਦੀ ਸੋਫੀ ਪਿੰਡ, ਸੈਕਟਰੀ ਸਾਊਥਾਲ, ਸੰਜੀਵ ਜੋਹਲ, ਸੈਕਟਰੀ ਸਾਊਥਾਲ, ਹਰਜਿੰਦਰ ਸਰੋਆ ਹੇਲਰ, ਜਸਵੀਰ ਕਾਜਸਪੁਰ, ਬਾਬੂ ਰਾਮ ਕੋਟਕਲਾ, ਕੁਲਦੀਪ ਮਹੇ ਭੂਤਾ, ਤਰਲੋਚਨ ਪਾਲੇਆਲ, ਜਸਵੰਤ ਜੱਸਾ ਕੁੱਲਥਮ, ਜਸਵੰਤ ਮੱਲੂ ਪੋਤਾ, ਜਸਵੀਰ ਕੁਮਾਰ ਫਗਵਾੜਾ, ਸੋਢੀ ਰਾਮ ਕੌਲਗੜ੍ਹ (ਲੰਡਨ ਬਿਜਨਸਮੈਨ), ਪ੍ਰਭੋਜਤ ਮਕਸੂਦਾਂ, ਨਰਿੰਦਰ ਰਾਮਾ ਮੰਡੀ, ਮੀਕਾ ਪਤਾਰਾ, ਮੱਟੂ ਪਤਾਰਾ ਲੰਡਨ, ਰਾਮ ਸਰੂਪ ਕਟਾਰੀਆ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਨਾਭਾ ਸਰਹਾਲੀ, ਸਿੰਦਰਪਾਲ ਸਰਪੰਚ, ਸਰਹਾਲੀ, ਜੋਗਿੰਦਰਪਾਲ ਲੰਬੜਦਾਰ, ਅਨਿਲ ਸਮਰਾਏ, ਅਜੇ ਕੁਮਾਰ ਮੈਨੇਜਰ, ਹਰਮੇਲ ਲਾਲ ਤੱਲਣ, ਨਿਤਨ, ਰਮਨ, ਅਮਿਤ, ਰਿਤਕ, ਜੱਗੀ, ਵੂਲਵਰਹੈਂਪਟਨ, ਜੀਵਨ ਕਮਲ ਸ਼ਾਹਕੋਟ, ਮਿਸਟਰ ਚਾਹਲ ਤੱਲਣ, ਲੰਡਨ ਬਿਜਨੈਸਮੈਨ/ਮਿਸਟਰ ਵਿਰਦੀ, ਸਰਪੰਚ ਸੋਫੀ ਪਿੰਡ, ਡਾਕਟਰ ਸਤੀਸ਼ ਸੁੱਮਣ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸੈਨਾ, ਪੰਜਾਬ, ਕੁਲਵਿੰਦਰ ਸਿੰਘ ਝਮਟ ਜੰਡੂਸਿੰਘਾ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਬੰਬੇ ਹਿਲ ਨਿਊਜ਼ੀਲੈਂਡ, ਜਸਵਿੰਦਰ ਸੰਧੂ ਪਤਾਰਾ ਇਟਲੀ, ਕੁਲਦੀਪ ਚਾਹਲ ਤੱਲਣ ਇੰਗਲੈਂਡ, ਨਰਿੰਦਰ ਟਰਾਂਸਪੋਰਟਰ ਕੈਨੇਡਾ, ਡਾ. ਮਨੋਹਰ ਲਾਲ ਕਟਾਰੀਆ ਕੈਨੇਡਾ, ਹੰਸ ਰਾਜ ਵਿਰਦੀ ਸਰਪੰਚ ਸੋਫੀ ਪਿੰਡ, ਸ੍ਰੀ ਕਾਂਸ਼ੀ ਰਾਮ ਕਲੇਰ ਸਰਪੰਚ ਜੰਡੂਸਿੰਘਾ, ਸ੍ਰੀ ਬੀਰ ਚੰਦ ਸੁਰੀਲਾ ਰੰਧਾਵਾ ਮਸੰਦਾਂ, ਸ੍ਰੀ ਅਸ਼ਵਨੀ ਕੁਮਾਰ ਸਈਪੁਰ, ਸ੍ਰੀ ਅਸ਼ਵਨੀ ਚੋਂਕੜੀਆ, ਸ੍ਰੀ ਗੁਰਪ੍ਰੀਤ ਸਿੰਘ ਬੱਧਣ, ਅਮਰਜੀਤ ਸਿੰਘ ਲੰਗੜੋਆ, ਦਿਲਬਾਗ ਸਿੰਘ ਬਿਨਪਾਲਕੇ, ਪਰਮਜੀਤ ਵਿਰਦੀ, ਰਾਮ ਧਨ ਨਾਗਲੂ, ਮਹਿੰਦਰ ਸੰਧੂ ਮਹੇੜੂ, ਰਾਜ ਕੁਮਾਰ ਜੱਖੂ।

ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਪੁਰਬ 'ਤੇ ਲੱਖ-ਲੱਖ ਵਧਾਈ ਹੋਵੇ ਜੀ !







ਸਮੂਹ ਬਹੁਜਨ ਸਮਾਜ ਪਾਰਟੀ/ਸਪੋਟਰ/ਸਾਊਥਾਲ, ਸਭਾ, ਲੰਡਨ ਦੇ ਕਮੇਟੀ ਮੈਂਬਰਾਨ ਅਤੇ ਸਰਗਰਮ ਵਰਕਰ।

# ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਪੁਰਬ 'ਤੇ ਲੱਖ-ਲੱਖ ਵਧਾਈ ਹੋਵੇ ਜੀ!



(ਰਾਈਟ ਸਾਈਡ ਤੋਂ) ਬਹੁਜਨ ਸਮਾਜ ਪਾਰਟੀ/ਸਪੋਟਰ/ਸਾਊਥਾਲ, ਸਭਾ, ਲੰਡਨ ਕਮੇਟੀ ਮੈਂਬਰ :- ਜਸਵਿੰਦਰ ਸਰਹਾਲੀ ਪ੍ਰਧਾਨ, ਮਨਜੀਤ ਰਾਏ ਵਾਈਸ ਪ੍ਰਧਾਨ, ਸੁਰਜੀਤ ਸਰੋਏ ਚੇਅਰਮੈਨ, ਗੁਰਦੀਸ਼ ਕੁਲਥਮ ਸੈਕਟਰੀ, ਡਾਕਟਰ ਹਰਜਿੰਦਰ ਕਮੇਟੀ ਮੈਂਬਰ, ਸੁੱਚਾ ਭਾਖੜੀਆਣਾ ਖਜਾਨਚੀ, ਮਨੀਸ਼ਾ ਰਾਏ ਕਮੇਟੀ ਮੈਂਬਰ, ਬਿੰਦਰ ਸਰੋਏ ਕਮੇਟੀ ਮੈਂਬਰ, ਮਿਸਜ਼ ਕਟਾਰੀਆ ਕਮੇਟੀ ਮੈਂਬਰ।



ਸਤੰਬਰ 2009 ਵਿਚ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਰਜਿ.) ਪੰਜਾਬ ਵੱਲੋਂ ਪਿੰਡ ਬਿਨਪਾਲਕੇ, ਜ਼ਿਲ੍ਹਾ ਜਲੰਧਰ ਵਿਖੇ ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਾਈਆਂ ਗਈਆਂ। ਇਸ ਕਲਾਸ ਵਿਚ ਕੁਲ 29 ਬੱਚਿਆਂ ਨੇ ਭਾਗ ਲਿਆ। ਪਾਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਹੋਰ ਤੋਹਫੇ ਦਿੱਤੇ ਗਏ। ਇਸ ਸਮੇਂ ਵਿਦਿਆਰਥੀ ਸੰਸਥਾ ਦੇ ਮੈਂਬਰ ਸ੍ਰੀ ਰਾਮ ਧੰਨ ਨਾਂਗਲੂ, ਚਰਨਜੀਤ ਸਿੰਘ ਬਿਨਪਾਲਕੇ ਅਤੇ ਹੋਰ ਪਿੰਡ ਵਾਸੀਆਂ ਨਾਲ ਨਜ਼ਰ ਆ ਰਹੇ ਹਨ।

ਆਦਿ) ਵਿਚ ਬੇਰੁਜ਼ਗਾਰੀ ਵਧਣ ਕਾਰਨ ਬਹੁਤੇ ਲੋਕ ਉਥੋਂ ਖਾਲੀ ਹੱਥ ਆ ਰਹੇ ਹਨ ਤੇ ਇਨ੍ਹਾਂ ਮੁਲਕਾਂ ਨੂੰ ਜਾਣ ਲਈ ਚੁੱਕੇ ਕਰਜ਼ਿਆਂ ਹੇਠ ਦਬ ਗਏ ਹਨ। ਪਿੰਡਾਂ ਵਿਚ ਗਰੀਬਾਂ ਲਈ ਪਸ਼ੂ ਪਾਲਣ ਦਾ ਧੰਦਾ ਬਿਲਕੁਲ ਖਤਮ ਹੋਈ ਜਾ ਰਿਹਾ ਹੈ, ਕਿਉਂਕਿ ਹਰਾ ਚਾਰਾ, ਸੁੱਕਾ ਚਾਰਾ ਇੰਨਾ ਮਹਿੰਗਾ ਹੈ ਕਿ ਗਰੀਬ ਬੰਦੇ ਦੇ ਵੱਸ ਵਿਚ ਨਹੀਂ। ਜ਼ਿਮੀਂਦਾਰਾਂ ਨੇ ਖੇਤਾਂ ਦੇ ਚੱਪੇ-ਚੱਪੇ 'ਤੇ ਫਸਲ ਬੀਜੀ ਹੋਈ ਹੈ। ਫਸਲਾਂ ਸਪਰੇਅ ਕਰਕੇ ਪਸ਼ੂਆਂ ਦੇ ਖਾਣ ਯੋਗ ਨਦੀਨਾਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਪਰਾਲੀ ਅਤੇ ਨਾੜ ਨੂੰ ਅੱਗ ਲਗਾ ਕੇ ਤਾਂ ਸਾੜ ਦਿੱਤਾ ਜਾਂਦਾ ਹੈ ਪ੍ਰੰਤੂ ਗਰੀਬ ਨੂੰ ਆਪਣੇ ਪਸ਼ੂਆਂ ਲਈ ਚੁੱਕਣ ਨਹੀਂ ਦਿੱਤਾ ਜਾਂਦਾ। ਸਰਕਾਰ ਜ਼ਿਮੀਂਦਾਰ ਪਸ਼ੂ ਪਾਲਕਾਂ ਲਈ ਕਾਫੀ ਸਹੂਲਤਾਂ ਦਿੰਦੀ ਹੈ ਲੇਕਿਨ ਬੇਜ਼ਮੀਨੇ ਪਸ਼ੂ ਪਾਲਕਾਂ ਲਈ ਕੋਈ ਸਹੂਲਤ ਨਹੀਂ ਲਿਆਉਂਦੀ।

ਇਕ ਦਿਹਾੜੀਦਾਰ, ਕਾਰੀਗਰ ਪਰਿਵਾਰਕ ਮੁਖੀ ਲਈ ਆਪਣੇ ਪਰਿਵਾਰ ਨੂੰ ਰੋਟੀ ਦੇਣੀ ਅਤੀ ਮੁਸ਼ਕਿਲ ਹੋਈ ਪਈ ਹੈ। ਜ਼ਮੀਨਾਂ ਇੰਨੀਆਂ ਮਹਿੰਗੀਆਂ ਹੋਈਆਂ ਹਨ ਕਿ ਜ਼ਮੀਨ ਲੈ ਕੇ ਘਰ ਬਣਾਉਣਾ ਤਾਂ ਇਕ ਪਾਸੇ ਇਸ ਸਮਾਜ ਨੂੰ ਕੁੱਲੀਆਂ ਬਣਾਉਣ ਲਈ ਜਗ੍ਹਾ ਨਹੀਂ ਮਿਲਣੀ। ਕਣਕ, ਮੱਕੀ, ਚਾਵਲ, ਫਸਲਾਂ ਨੂੰ ਖਾਦਾਂ ਅਤੇ ਕੀੜੇ ਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਨੇ ਇੰਨਾ ਦੂਸ਼ਿਤ ਕੀਤਾ ਹੋਇਆ ਹੈ ਕਿ ਅਸੀਂ ਹਰ ਰੋਜ਼ ਜ਼ਹਿਰ ਖਾਂਦੇ ਹਾਂ। ਜ਼ਿਮੀਂਦਾਰਾਂ ਤੇ ਸਰਕਾਰ ਵੱਲੋਂ ਫਸਲਾਂ ਦੇ ਕੇਵਲ ਵੱਧ ਝਾੜ ਵੱਲ ਹੀ ਹੀ ਧਿਆਨ ਦਿੱਤਾ ਜਾਂਦਾ ਹੈ, ਉਸ ਦੇ ਦਾਣਿਆਂ ਵਿਚ ਲੋੜੀਂਦੇ ਜ਼ਰੂਰੀ ਤੱਤਾਂ ਵੱਲ ਕੋਈ ਧਿਆਨ ਨਹੀਂ ਹੈ। ਇਨ੍ਹਾਂ ਕਰਕੇ ਹਰ ਬੰਦਾ ਬਿਮਾਰ ਹੈ। ਫੈਕਟਰੀਆਂ ਦੀ ਗੰਦਗੀ ਪਾਣੀ ਨੂੰ ਦੂਸ਼ਿਤ ਕਰਦੀ ਹੈ ਤੇ ਧੂੰਆਂ ਹਵਾ ਨੂੰ ਅਤੇ ਖੇਤਾਂ ਵਿਚ ਪਰਾਲੀ ਅਤੇ ਨਾੜ ਨਾਲ ਇੰਨੀ ਹਵਾ ਪ੍ਰਦੂਸ਼ਤ ਹੋ ਰਹੀ ਹੈ ਕਿ ਅੱਜ ਹਰ ਦੂਜਾ ਵਿਅਕਤੀ ਸਾਹ ਦੀ ਬੀਮਾਰੀ ਤੋਂ ਪੀੜ੍ਹਤ ਹੈ।

ਇਲਾਜ ਇੰਨੇ ਮਹਿੰਗੇ ਹੋ ਚੁੱਕੇ ਹਨ ਕਿ ਆਉਣ ਵਾਲੇ ਸਮੇਂ ਵਿਚ ਗਰੀਬ ਬੰਦੇ ਨੂੰ ਚੈਰੀਟੇਬਲ ਹਸਪਤਾਲਾਂ ਦੇ ਬੈਡ 'ਤੇ ਤੜਫ-ਤੜਫ ਕੇ ਮਰਨਾ ਪਵੇਗਾ ਕਿਉਂਕਿ ਬਿਮਾਰੀਆਂ ਐਨੀਆਂ ਗੰਭੀਰ ਤੇ ਇਲਾਜ ਇੰਨੇ ਮਹਿੰਗੇ ਹੋ ਰਹੇ ਹਨ ਕਿ ਚੈਰੀਟੇਬਲ ਹਸਪਤਾਲਾਂ ਦੇ ਵੀ ਹੱਥ ਖੜ੍ਹੇ ਹੋ ਜਾਣਗੇ। ਮੱਧ ਵਰਗੀ ਸਮਾਜ ਵੀ ਆਪਣੇ ਆਪ ਨੂੰ ਸੁਰੱਖਿਅਤ ਨਾ ਸਮਝੇ ਕਿਉਂਕਿ ਜੇਕਰ ਉਨ੍ਹਾਂ ਦੇ ਬੱਚੇ ਨਸ਼ਿਆਂ ਦੀ ਲੱਤ ਵਿਚ ਫਸ ਗਏ ਜਾਂ ਉਨ੍ਹਾਂ ਦੇ ਕਿਸੇ ਮੈਂਬਰ ਨੂੰ ਗੰਭੀਰ ਬਿਮਾਰੀ ਨੇ ਘੇਰ ਲਿਆ ਤਾਂ ਉਨ੍ਹਾਂ ਦਾ ਅਰਸ਼ ਤੋਂ ਫਰਸ਼ 'ਤੇ ਆਉਣਾ ਨਿਯਤ ਹੈ।

ਇਸ ਕਰਕੇ ਜਿੱਥੇ ਸਰਕਾਰ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਉਥੇ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਫਜ਼ੂਲ ਦੇ ਖਰਚਿਆਂ ਨੂੰ ਤਿਆਗ ਕੇ, ਨਸ਼ਿਆਂ ਤੋਂ ਦੂਰ ਰਹਿ ਕੇ ਆਰਥਿਕ ਤੌਰ 'ਤੇ ਮਜ਼ਬੂਤ ਹੋਈਏ। ਪਾਣੀ, ਹਵਾ, ਮਿੱਟੀ ਤੇ ਖਾਣ ਵਾਲੇ ਪਦਾਰਥਾਂ ਜਿਵੇਂ ਚਾਵਲ, ਕਣਕ, ਮੱਕੀ, ਦਾਲਾਂ, ਸਬਜ਼ੀਆਂ ਆਦਿ ਨੂੰ ਖਾਦਾਂ ਤੇ ਕੀਟ ਨਾਸ਼ਕ ਪਦਾਰਥਾਂ ਦੁਆਰਾ ਪ੍ਰਦੂਸ਼ਤ ਹੋਣ ਤੋਂ ਬਚਾਈਏ। ਕਿਉਂਕਿ ਕਣਕ ਪੰਜਾਬ ਦੀ ਮੁੱਖ ਖਾਣ ਯੋਗ ਫਸਲ ਹੈ, ਇਸ ਕਰਕੇ ਸਾਨੂੰ ਕਣਕ ਉਸ ਕਿਸਾਨ ਤੋਂ ਹੀ ਖਰੀਦਣੀ ਚਾਹੀਦੀ ਹੈ ਜਿਸ 'ਤੇ ਖਾਦਾਂ ਤੇ ਕੀਟ ਨਾਸ਼ਕਾਂ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਹੋਵੇ। ਕਣਕ ਦਾ ਭੰਡਾਰ ਕਰਦੇ ਸਮੇਂ ਕਣਕ ਨੂੰ ਕੀਟਾਂ ਤੋਂ ਬਚਾਉਣ ਲਈ ਸਲਫਾਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸਬਜ਼ੀਆਂ ਅਤੇ ਫਲ ਮੌਸਮੀ ਹੀ ਖਾਣੇ ਚਾਹੀਦੇ ਹਨ ਕਿਉਂਕਿ ਬੇ-ਮੌਸਮੀ ਸਬਜ਼ੀਆਂ ਫਲ ਆਦਿ ਕੇਵਲ ਕੀੜੇ ਮਾਰ ਦਵਾਈਆਂ ਨਾਲ ਹੀ ਉਗਾਏ ਜਾ ਸਕਦੇ ਹਨ।

ਆਪਣੀ ਸਿਹਤ ਦਾ ਬਿਲਕੁਲ ਖਿਆਲ ਰੱਖਣਾ ਚਾਹੀਦਾ ਹੈ। ਨਸ਼ਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸਮੇਂ ਸਿਰ ਤੇ ਲੋੜੀਂਦਾ ਹੀ ਖਾਣਾ ਖਾਣਾ ਚਾਹੀਦਾ ਹੈ। ਨਿਯਮਤ ਕਸਰਤ ਕਰਨੀ ਚਾਹੀਦੀ ਹੈ।

ਡਾ. ਚਰਨਜੀਤ ਸਿੰਘ ਬਿਨਪਾਲਕੇ

* * * * *

# ਯਾਦ ਰੱਖਣ ਯੋਗ ਗੱਲਾਂ

1. ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਨੂੰ ਸੀਰ ਗੋਲਰਧਨਪੁਰ ਵਾਰਾਨਸੀ. ਯੂ. ਪੀ. ਦੀ ਪਾਵਨ ਧਰਤੀ 'ਤੇ ਹੋਇਆ।

2. ਗੁਰੂ ਜੀ ਦੇ ਪਿਤਾ ਦਾ ਨਾਮ ਬਾਬਾ ਸੰਤੋਖ ਦਾਸ ਜੀ, ਮਾਤਾ ਜੀ ਦਾ ਨਾਮ ਮਾਤਾ ਕਲਸੀ ਜੀ, ਪਤਨੀ ਦਾ ਨਾਮ ਮਾਤਾ ਲੋਨਾ ਜੀ ਤੇ ਸਪੁੱਤਰ ਸ੍ਰੀ ਵਿਜੇਦਾਸ ਜੀ ਸੀ।

3. ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਨਹੀਂ ਸਨ। ਉਹਨਾਂ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾ ਸਨ। ਗੁਰੂ ਜੀ ਦਾ ਇਸ਼ਟ ਕੇਵਲ ਪਾਰਬ੍ਰਹਮ ਪ੍ਰਮਾਤਮਾ ਹੈ।

4. ਗੁਰੂ ਜੀ ਦੀ ਵਿਚਾਰਧਾਰਾ ਦੇਵੀ-ਦੇਵਤਿਆਂ, ਅਖੌਤੀ ਭਗਵਾਨਾਂ, ਮੜ੍ਹੀਆਂ-ਮਸਾਣਾਂ ਦੀ ਪੂਜਾ ਨੂੰ ਛੱਡ ਕੇ ਕੇਵਲ ਇਕ ਪ੍ਰਮਾਤਮਾ ਦੇ ਲੜ ਲੱਗਣ ਦਾ ਉਪਦੇਸ਼ ਦਿੰਦੀ ਹੈ।

5. ਗੁਰੂ ਜੀ ਦੀ ਵਿਚਾਰਧਾਰਾ ਮੂਰਤੀ-ਪੂਜਾ ਅਤੇ ਆਰਤੀ ਉਤਾਰਨ ਦਾ ਖੰਡਨ ਕਰਦੀ ਹੈ ਅਤੇ ਉਪਦੇਸ਼ ਦਿੰਦੀ ਹੈ ਕਿ ਪ੍ਰਭੂ ਦਾ ਸਿਮਰਨ ਕਰਨ, ਗਰੀਬਾਂ, ਮਜ਼ਲੂਮਾਂ ਦੀ ਸੇਵਾ ਤੇ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਨਾ ਹੀ ਅਸਲੀ ਪੂਜਾ ਅਤੇ ਆਰਤੀ ਹੈ। ਇਸ ਤੋਂ ਇਲਾਵਾ ਬਾਕੀ ਸਭ ਝੂਠ ਅਤੇ ਫੋਕੇ ਅਡੰਬਰ ਹਨ।

6. ਪ੍ਰਭ ਦੀ ਪੂਜਾ ਲਈ ਦੁੱਧ, ਫਲ, ਧੂਪ, ਚਰਾਗ ਆਦਿ ਪ੍ਰਸ਼ਾਦ ਆਦਿ ਅਰਪਨ ਕਰਨਾ ਮਨਮਤਿ ਹੈ ਕਿਉਂਕਿ ਇਹ ਪਦਾਰਥ ਕੁਦਰਤੀ ਤੌਰ 'ਤੇ ਜੂਠੇ ਹਨ ਅਤੇ ਪ੍ਰਭੂ ਦੇ ਹੀ ਪੈਦਾ ਕੀਤੇ ਹੋਣ ਕਾਰਨ ਪ੍ਰਭੂ ਨੂੰ ਭੇਟ ਕਰਨ ਦੇ ਯੋਗ ਨਹੀਂ ਹਨ। ਇਸ ਕਰਕੇ ਆਪਣਾ ਮਨ ਅਤੇ ਤਨ ਪ੍ਰਭ ਦੀ ਸੇਵਾ ਲਈ ਅਰਪਨ ਕਰੋ।

7. ਗੁਰੂ ਜੀ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੇ ਹਨ ਅਤੇ ਉੱਦਮ ਕਰਦਿਆਂ ਪ੍ਰਭੂ ਦੇ ਭਾਣੇ ਵਿਚ ਰਹਿਣ ਦਾ ਉਪਦੇਸ਼ ਕਰਦੇ ਹਨ।

8. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੇ 40 ਸ਼ਬਦ ਅਤੇ ਇਕ ਸਲੋਕ ਦਰਜ ਹਨ।

9. ਆਦਿ ਧਰਮ ਦਾ ਬੋਲਾ ਜੈ ਗੁਰਦੇਵ! ਧੰਨ ਗੁਰਦੇਵ ਹੈ।

10. ਆਦਿ ਧਰਮ ਦਾ ਰੰਗ ਮਜੀਠ (ਉਨਾਭੀ, ਲਾਖਾ ਹੈ) ਇਸ ਕਰਕੇ ਗੁਰੂ ਰਵਿਦਾਸ ਜੀ ਗੁਰੂ ਘਰਾਂ ਵਿਚ ਮਜੀਠ ਰੰਗ ਦੇ ਨਿਸ਼ਾਨ ਸਾਹਿਬ ਝੁਲਦੇ ਹਨ।

11. ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਆਤਮਾ ਅਤੇ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦੀ ਹੈ।

12. ਗੁਰੂ ਜੀ 1584 ਬਿਕ੍ਰਮੀ ਨੂੰ 151 ਸਾਲ ਦੀ ਲੰਬੀ ਆਯੂ ਭੋਗ ਕੇ ਪ੍ਰਭ ਦਾ ਸਿਮਰਨ ਕਰਦੇ ਪ੍ਰਭ ਵਿਚ ਲੀਨ ਹੋ ਗਏ। ਸਮੇਂ ਦੇ ਹਾਕਮ ਅਤੇ ਪੁਜਾਰੀਆਂ ਨਾਲ ਗੁਰੂ ਜੀ ਨੇ ਲੋਹਾ ਲਿਆ ਤੇ ਉਹਨਾਂ ਨੂੰ ਹਰਾਇਆ, ਲੇਕਿਨ ਕੋਈ ਵੀ ਗੁਰੂ ਜੀ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਿਆ।

13. ਸੰਸਥਾ ਦੇ ਦਿੱਤੇ ਪਤੇ 'ਤੇ ਆਪਣਾ ਅਡਰੈੱਸ ਲਿਖਿਆ ਪੰਜਾਬ ਪੈਸੇ ਵਾਲਾ ਪੋਸਟਕਾਰਡ ਭੇਜੋ ਤੇ ਗੁਰੂ ਜੀ ਦੇ ਮਿਸ਼ਨ ਦਾ ਲਿਟਰੇਚਰ ਮੁਫ਼ਤ ਮੰਗਵਾਉ।

# ਭਾਰਤੀ ਸਮਾਜ ਵਿਚ ਦਲਿਤਾਂ ਦਾ ਸਥਾਨ, ਸੱਚ ਕੀ ਹੈ?



ਜਸਵਿੰਦਰ ਕਟਾਰੀਆ

ਕਿਸੇ ਵੀ ਕੌਮ ਦੇ ਵਿਚ ਜਦੋਂ ਕੋਈ ਸੰਗਠਨ ਪੈਦਾ ਹੁੰਦੇ ਹਨ ਤਾਂ ਉਹ ਆਪਣੇ ਨਾਲ ਕੋਈ ਨਾ ਕੋਈ ਵਿਚਾਰਧਾਰਾ ਲੈ ਕੇ ਅੱਗੇ ਵੱਧਦੇ ਹਨ। ਇਹ ਵਿਚਾਰਧਾਰਾਵਾਂ ਕੌਮਾਂ ਨੂੰ ਉਚਾਈਆਂ ਤੱਕ ਲੈ ਕੇ ਜਾਣ ਵਿਚ ਮਦਦ ਕਰਦੀਆਂ ਹਨ, ਪਰ ਉਨ੍ਹਾਂ ਵਿਚਾਰਧਾਰਾਵਾਂ ਦੇ ਪਿਛੇ ਹਮੇਸ਼ਾ ਉਹ ਹਸਤੀਆਂ ਹੁੰਦੀਆਂ ਹਨ, ਜੋ ਹਵਾਵਾਂ ਦਾ ਰੁੱਖ ਬਦਲ ਦੇਣ ਦਾ ਜਜ਼ਬਾ ਰੱਖਦੀਆਂ ਹਨ। ਇਨ੍ਹਾਂ ਹਸਤੀਆਂ ਵੱਲੋਂ ਕੀਤੇ ਕੰਮ ਅਜਿਹੀਆਂ ਪੈੜਾਂ ਪਿਛੇ ਛੱਡ ਜਾਂਦੇ ਹਨ ਕਿ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਪਦ ਚਿੰਨ੍ਹਾਂ ਉਤੇ ਚੱਲ ਕੇ ਜ਼ਮਾਨੇ ਦਾ ਰੁਖ ਬਦਲ ਦਿੰਦੀਆਂ ਹਨ।

ਇਸੇ ਤਰ੍ਹਾਂ ਬਹੁਜਨ ਸਮਾਜ ਉਨ੍ਹਾਂ ਮਹਾਨ ਹਸਤੀਆਂ ਜਾਂ ਰਹਿਬਰਾਂ ਤੋਂ ਵਾਂਝਾ ਨਹੀਂ ਹੈ। ਹਾਲ ਹੀ ਵਿਚ ਅਸੀਂ ਰਹਿਬਰਾਂ ਦੇ ਜਨਮ ਦਿਹਾੜੇ ਬੜੀ ਧੂਮਧਾਮ ਨਾਲ ਮਨਾਏ ਹਨ। ਇਨ੍ਹਾਂ ਰਹਿਬਰਾਂ ਦੀ ਦੇਣ ਅਸੀਂ ਆਪਣਾ ਜੀਵਨ ਅਰਪਣ ਕਰਕੇ ਵੀ ਨਹੀਂ ਦੇ ਸਕਦੇ। ਇਨ੍ਹਾਂ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਮ ਧਰੂ ਤਾਰੇ ਵਾਂਗ ਅਕਾਸ਼ ਵਿਚ ਚਮਕਦਾ ਹੈ। ਉਨ੍ਹਾਂ ਨੇ ਦਲਿਤਾਂ ਨਾਲ ਹੋ ਰਹੇ ਆਣ-ਮਨੁੱਖੀ ਵਤੀਰੇ ਖਿਲਾਫ ਕ੍ਰਾਂਤੀ ਦੀ ਮਸ਼ਾਲ ਉਠਾਈ, ਜਿਸ ਦਾ ਨਿੱਘ ਅੱਜ ਹਰ ਉਹ ਵਿਅਕਤੀ ਮਹਿਸੂਸ ਕਰਦਾ ਹੈ, ਜਿਸ ਨੂੰ ਆਪਣੀ ਕੌਮ ਦੇ ਨਾਲ ਪਿਆਰ ਹੈ। ਉਨ੍ਹਾਂ ਦੇ ਜਨਮ ਦਿਹਾੜੇ 'ਤੇ ਇਕੱਠੀ ਕੌਮ ਵੇਖ ਕੇ ਇੰਝ ਲੱਗਦਾ ਹੈ ਜਿਵੇਂ ਦਲਿਤ ਸਮਾਜ ਇਕ ਸ਼ਕਤੀ ਦਾ ਰੂਪ ਧਾਰ ਕੇ ਆਪਣੇ ਨਾਲ ਹੋ ਰਹੇ ਜ਼ੁਲਮਾਂ ਦਾ ਹਿਸਾਬ ਲੈਣ ਲਈ ਤਿਆਰ ਖੜ੍ਹਾ ਹੈ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਸੁਪਨਾ ਸੀ ਕਿ 'ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ, ਛੋਟ ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ' ਇਹ ਸੁਪਨੇ ਪੂਰੇ ਕਰਨ ਲਈ ਘਰ-ਘਰ ਇਹ ਸੰਦੇਸ਼ ਪਹੁੰਚਾਉਣ ਲਈ ਸ੍ਰੀ 108 ਸੰਤ ਸਵਰਣ ਦਾਸ ਜੀ, ਡੇਰਾ ਸੱਚ ਖੰਡ ਬੱਲਾਂ, ਜਲੰਧਰ ਵੱਲੋਂ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕੇ ਗਏ, ਜੋ ਉਚ ਜਾਤੀ ਲੋਕਾਂ ਨੂੰ ਚੰਗੇ ਨਾ ਲੱਗੇ, ਜਿਨ੍ਹਾਂ ਨੇ ਕੌਮ ਦੀ ਆਵਾਜ਼ ਨੂੰ ਦਬਾਉਣ ਲਈ ਸ੍ਰੀ 108 ਸੰਤ ਰਾਮਾਨੰਦ ਜੀ ਨੂੰ 'ਸ਼ਹੀਦ' ਕੀਤਾ, ਜੋ ਕੌਮ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਪਰ ਇਸ ਤਰ੍ਹਾਂ ਕਿਸੇ ਵੀ ਸਮਾਜ ਨੂੰ ਕਦੇ ਦਬਾਇਆ ਨਹੀਂ ਜਾ ਸਕਦਾ, ਸਗੋਂ ਕੌਮ ਅੱਗੇ ਨਾਲੋਂ ਵੀ ਜੋਸ਼ ਵਿਚ ਆਈ ਅਤੇ ਕੌਮ ਦੀ ਖਾਤਰ ਹੱਸ ਕੇ ਸ੍ਰੀ ਵਿਜੇ ਕੁਮਾਰ ਢਿੱਲਵਾਂ, ਸ੍ਰੀ ਤੇਲੂ ਰਾਮ ਹੁਸੈਨਪੁਰ, ਸ੍ਰੀ ਰਾਜਿੰਦਰ ਕੁਮਾਰ ਰਾਮਗੜ੍ਹ ਫਿਲੌਰ ਅਤੇ ਬਲਕਾਰ ਸਿੰਘ ਦਸੂਹਾ ਚਾਰ ਜਵਾਨਾਂ ਨੇ 'ਸ਼ਹੀਦੀਆਂ' ਦੇ ਕੇ ਕੌਮ ਵਿਚ ਦ੍ਰਿੜ੍ਹਤਾ, ਬਹਾਦਰੀ, ਕੁਰਬਾਨੀ ਦਾ ਸਬੂਤ ਪੇਸ਼ ਕੀਤਾ ਤੇ ਅੱਗੋਂ ਇਕੱਠੇ ਹੋਣ ਲਈ ਪ੍ਰੇਰਣਾ ਦਿੱਤੀ, ਜੋ ਰਹਿੰਦੀ ਦੁਨੀਆਂ ਤੱਕ ਇਨ੍ਹਾਂ ਕੌਮ ਦੇ ਬਹਾਦਰ ਸ਼ਹੀਦਾਂ ਨੂੰ ਹਮੇਸ਼ਾ ਯਾਦ ਕੀਤਾ ਜਾਏਗਾ।

ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਜੀ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਹਰ ਸਮੇਂ ਯਾਦ ਕੀਤਾ ਜਾਂਦਾ ਹੈ। ਇਸ ਮੁਕਤੀ ਦਾਤਾ ਦੇ ਗੁਣ ਗਾਇਨ ਕੀਤੇ ਜਾਂਦੇ ਹਨ। ਕੌਮ ਦਾ ਹਰ ਬੁੱਧੀਜੀਵੀ ਉਨ੍ਹਾਂ ਨੂੰ ਯਾਦ ਕਰਦਾ ਹੈ। 26 ਜਨਵਰੀ 1950 ਨੂੰ ਉਨ੍ਹਾਂ ਨੇ ਸਾਨੂੰ ਸਿਆਸੀ ਤੌਰ 'ਤੇ ਬਰਾਬਰ ਕਰ ਦਿੱਤਾ ਤੇ ਫਿਰ ਕਿਹਾ ਕਿ ਅਸੀਂ ਅਜੇ ਵੀ ਗੁਲਾਮ ਹਾਂ। ਜੇਕਰ ਅਸੀਂ ਮਨੁੱਖੀ ਜੀਵਨ ਜਿਉਣਾ ਚਾਹੁੰਦੇ ਹਾਂ ਤਾਂ ਆਪਣੇ ਪੈਰਾਂ 'ਤੇ ਆਪ ਖਲੋਣਾ ਪਵੇਗਾ। ਉਸ ਵਾਸਤੇ ਉਨ੍ਹਾਂ ਮੂਲ ਮੰਤਰ ਦਿੱਤਾ 'ਪੜ੍ਹੋ-ਜੁੜੋ-ਸੰਘਰਸ਼ ਕਰੋ'। ਇਨ੍ਹਾਂ ਰਹਿਬਰਾਂ ਦੇ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ 15 ਮਾਰਚ ਨੂੰ ਮਨਾਇਆ ਜਾਂਦਾ ਹੈ। ਉਨ੍ਹਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਤੇ ਬਾਬਾ ਸਾਹਿਬ ਅਤੇ ਸੰਤ ਸਰਵਣ ਦਾਸ ਜੀ ਦੀ ਲਹਿਰ ਨੂੰ ਅੱਗੇ ਵਧਾਇਆ। ਵਰਤਮਾਨ ਯੁਗ ਵਿਚ ਉਨ੍ਹਾਂ ਨੇ ਕੈਲਕੁਲੇਟਿਵ ਪੋਲੀਟੀਸ਼ੀਅਨ ਤੇ ਕਿੰਗ ਮੇਕਰ ਦਾ ਖਿਤਾਬ ਹਾਸਲ ਕੀਤਾ।

ਅੱਜ ਜਦੋਂ ਅਸੀਂ ਇਨ੍ਹਾਂ ਰੁਝੇਵਿਆਂ ਨੂੰ ਭੁਗਤਾ ਕੇ ਥੋੜ੍ਹਾ ਵਿਹਲੇ ਹੋਏ ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਭ ਸੋਚੀਏ ਕਿ ਅਸੀਂ ਕੀ ਖੋਇਆ ਤੇ ਕੀ ਪਾਇਆ ਹੈ। ਅਸਲੀ ਸੱਚਾਈ ਕੀ ਹੈ, ਜੋ ਸਮਾਜ ਦੇ ਵਿਚਕਾਰੋਂ ਹੋ ਕੇ ਗੁਜ਼ਰ ਰਹੀ ਹੈ। ਕੀ ਅਸੀਂ ਸੱਚਮੁੱਚ ਹੀ ਆਪਣੇ ਰਹਿਬਰਾਂ ਦੀ ਸੋਚ ਨੂੰ ਅੱਗੇ ਲੈ ਕੇ ਜਾਣ ਵਿਚ ਲੱਗੇ ਹੋਏ ਹਾਂ ਜਾਂ ਜੋ ਅਸੀਂ ਕਰਦੇ ਹਾਂ, ਮਹਿਜ਼ ਇਕ ਵਿਖਾਵਾ ਹੈ। ਕੀ ਇਨ੍ਹਾਂ ਮਹਾਨ ਹਸਤੀਆਂ ਦੀ ਸੋਚ ਧਾਰਮਿਕ ਸੰਸਥਾਵਾਂ ਦੀਆਂ ਦਹਿਲੀਜ਼ਾਂ ਤੋਂ ਨਿਕਲ ਕੇ ਉਨ੍ਹਾਂ ਕਰੋੜਾਂ ਦਲਿਤਾਂ ਦੀਆਂ ਝੁੱਗੀਆਂ ਵਿਚ ਆਸ ਦੀ ਕਿਰਨ ਬਣਕੇ ਦਸਤਕ ਦੇਵੇਗੀ ਜਾਂ ਇਹ ਗੁਰਪੁਰਬ ਦੋ ਦਿਨਾਂ ਦਾ ਮੇਲਾ ਬਣ ਕੇ ਹੋ ਨਿਬੜਨਗੇ।

ਕੀ ਅਸੀਂ ਸੋਚਿਆ ਹੈ ਕਿ ਸਾਡੇ ਸਮਾਜ ਨੂੰ ਕਿੱਥੋਂ ਖੋਰਾ ਪੈ ਰਿਹਾ ਹੈ ? ਅਸਲੀਅਤ ਕੀ ਹੈ ? ਇਸ ਦਾ ਜ਼ਿੰਮੇਵਾਰ ਕੌਣ ਹੈ ? ਅਸੀਂ ਖੁਦ ਜਾਂ ਜੋ ਖੇਡ 3000 ਸਾਲ ਤੋਂ ਸਾਡੇ ਨਾਲ ਖੇਡੀ ਜਾ ਰਹੀ ਹੈ, ਉਹ ਆਧੁਨਿਕ ਰੂਪ ਵਿਚ ਉਸੇ ਤਰ੍ਹਾਂ ਜਾਰੀ ਹੈ। ਮਨੂੰਵਾਦ ਵਿਵਸਥਾ ਹੋਰ ਭਿਆਨਕ ਰੂਪ ਧਾਰ ਰਹੀ ਹੈ ਅਤੇ ਸਾਡੇ ਸਮਾਜ ਦਾ ਬੇੜਾ ਗਰਕ ਹੋ ਰਿਹਾ ਹੈ। ਅੱਜ ਵੀ ਨੀਚਤਾ ਅਤੇ ਉਚਤਾ ਦੀ ਪੂਰਨ ਵਿਵਸਥਾ ਉਸੇ ਤਰ੍ਹਾਂ ਬਣੀ ਹੋਈ ਹੈ। ਕੋਈ ਵੀ ਧਰਮ ਆ ਜਾਵੇ ਜਾਂ ਵਿਚਾਰਧਾਰਾ ਆ ਜਾਵੇ, ਬ੍ਰਾਹਮਣਵਾਦ ਦੀ ਵੇਲ ਸਭ ਕੁਝ ਨਿਗਲ ਰਹੀ ਹੈ। ਬ੍ਰਾਹਮਣਵਾਦ ਉਹ ਸਦੈਵ ਵੇਲ ਹੈ, ਜੋ ਹਰ ਉਸ ਦਰੱਖਤ ਨੂੰ ਸੋਕਾ ਪਾ ਦਿੰਦੀ ਹੈ, ਜੋ ਦਲਿਤ ਸਮਾਜ ਨੂੰ ਠੰਡਕ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਹ ਵੇਲ ਭਾਰਤੀ ਸਮਾਜ ਵਿਚ ਕੈਂਸਰ ਬਣਕੇ ਫੈਲੀ ਹੋਈ ਹੈ ਪਰ ਇਸ ਬ੍ਰਾਹਮਣਵਾਦੀ ਵੇਲ ਦੀ ਜੋ ਦੇਖ-ਰੇਖ ਕਰਦੇ ਹਨ, ਇਸ ਨੂੰ ਪਾਲਦੇ ਹਨ, ਉਹ ਕੌਣ ਹਨ ? ਉਹ ਕਿਹੜੀਆਂ ਸੰਸਥਾਵਾਂ ਹਨ। ਇਨ੍ਹਾਂ ਨੂੰ ਦੇਖਣ ਦੀ ਲੋੜ ਹੈ, ਸਮਝਣ ਦੀ ਲੋੜ ਹੈ। ਇਨ੍ਹਾਂ ਤੋਂ ਬਚਣ ਦੀ ਲੋੜ ਹੈ।

ਆਓ ਵੇਖੀਏ ਕਿ ਭਾਰਤ ਦੇ ਢਾਂਚੇ ਅੰਦਰ ਦਲਿਤਾਂ ਦੀ ਹਾਲਤ ਕੀ ਹੈ। ਕੀ ਅਸੀਂ ਬਰਾਬਰੀ ਦਾ ਹੱਕ ਰੱਖਦੇ ਹਾਂ ਜਾਂ ਤੱਥ ਕੁਝ ਹੋਰ ਹੈ। ਆਓ ਅੰਕੜੇ ਵੇਖੀਏ :-

ਹਰ ਰੋਜ਼ ਦਲਿਤਾਂ ਦੇ ਖਿਲਾਫ 27 ਤੋਂ ਜ਼ਿਆਦਾ ਕੇਸ ਦਰਜ ਕੀਤੇ ਜਾਂਦੇ ਹਨ।

ਹਰ 10 ਤੋਂ 15 ਮਿੰਟਾਂ ਵਿਚ ਕਿਤੇ ਨਾ ਕਿਤੇ ਦੇਸ਼ ਦੇ ਕੋਨੇ ਵਿਚ ਦਲਿਤਾਂ ਨਾਲ ਜ਼ੁਲਮ ਹੁੰਦਾ ਹੈ।

ਹਰ ਹਫਤੇ 13 ਤੋਂ ਵੱਧ ਦਲਿਤ ਕਤਲ ਕਰ ਦਿੱਤੇ ਜਾਂਦੇ ਹਨ।

ਹਰ ਹਫਤੇ ਤਿੰਨ ਤੋਂ ਵੱਧ ਦਲਿਤ ਔਰਤਾਂ ਨਾਲ ਬਲਾਤਕਾਰ ਕਰ ਦਿੱਤਾ ਜਾਂਦਾ ਹੈ, ਜਿਸ ਦੀ ਕੋਈ ਸੁਣਵਾਈ ਨਹੀਂ ਹੈ।

ਸਾਲ 2002 ਵਿਚ ਇਕ ਸਰਵੇਖਣ ਅਧੀਨ 7099 (18%) ਦਲਿਤਾਂ ਦੇ ਕੇਸ ਪੁਲਿਸ ਕੋਲ ਅਣਦੇਖੇ ਪਏ ਸਨ। ਭਾਰਤ ਦੀਆਂ ਅਦਾਲਤਾਂ ਵਿਚ ਇਹ 126009 ਜਾਂ ਕੁਲ ਪਏ ਕੇਸਾਂ ਦਾ 77% ਭਾਗ ਅਣ-ਸੁਲਝਾਇਆ ਹਿੱਸਾ ਦਲਿਤਾਂ ਦਾ ਹੈ। ਇਸ ਦੀ ਗਿਣਤੀ 2005 ਵਿਚ ਵੱਧ ਕੇ ਪੁਲਿਸ ਕੋਲ 23.9% ਤੇ ਅਦਾਲਤਾਂ ਵਿਚ 70.6% ਹੋ ਗਈ। ਸ਼ਾਇਦ ਇਹ 2010 ਵਿਚ ਉਸ ਤੋਂ ਕਿਤੇ ਜ਼ਿਆਦਾ ਹੋਵੇਗੀ।

2006 ਵਿਚ ਭਾਰਤ ਦੇ 11 ਰਾਜਾਂ ਦੇ 565 ਪਿੰਡਾਂ ਵਿਚ ਸਰਵੇਖਣ ਕੀਤਾ ਗਿਆ। ਜੋ ਤੱਥ ਸਾਹਮਣੇ ਆਏ ਉਹ ਇਸ ਤਰ੍ਹਾਂ ਹਨ:-

1. 37.8% ਪਿੰਡਾਂ ਵਿਚ ਦਲਿਤ ਬੱਚਿਆਂ ਨੂੰ ਵੱਡੀਆਂ ਜਾਤਾਂ ਦੇ ਬੱਚਿਆਂ ਦੀਆਂ ਕਲਾਸਾਂ ਵਿਚ ਬਰਾਬਰ ਨਹੀਂ ਬੈਠਣ ਦਿੱਤਾ ਜਾਂਦਾ।

2. 27.6% ਪਿੰਡਾਂ ਵਿਚ ਦਲਿਤਾਂ ਨੂੰ ਪੁਲਿਸ ਸਟੇਸ਼ਨਾਂ ਵਿਚ ਕੇਸ ਦਰਜ ਕਰਵਾਉਣ ਲਈ ਦਾਖਲ ਨਹੀਂ ਹੋਣ ਦਿੱਤਾ ਜਾਂਦਾ।

3. 33% ਪਿੰਡਾਂ ਵਿਚ ਉਚੀ ਜਾਤ ਦੇ ਸਿਹਤ ਮੁਲਾਜ਼ਮ ਦਲਿਤਾਂ ਦੇ ਘਰਾਂ ਵਿਚ ਨਹੀਂ ਦਾਖਲ ਹੁੰਦੇ ਜਿਸ ਦਾ ਕਾਰਨ ਭਿੱਟ ਹੋ ਜਾਣ ਦਾ ਡਰ ਹੈ।

4. 27% ਦਲਿਤਾਂ ਨੂੰ ਰਾਸ਼ਨ ਦੁਕਾਨਾਂ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ।

5. 23.5% ਪਿੰਡਾਂ ਵਿਚ ਦਲਿਤਾਂ ਦੇ ਘਰਾਂ ਵਿਚ ਡਾਕ ਨਹੀਂ ਜਾਂਦੀ।

6. 14.4% ਪਿੰਡਾਂ ਵਿਚ ਦਲਿਤਾਂ ਨੂੰ ਪਿੰਡਾਂ ਦੇ ਪੰਚਾਇਤ ਘਰਾਂ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ।

7. 12% ਪਿੰਡਾਂ ਵਿਚ ਦਲਿਤਾਂ ਨੂੰ ਵੋਟ ਪਾਉਣ ਲਈ ਵੱਖਰੀ ਲਾਈਨ ਵਿਚ ਖੜ੍ਹਨਾ ਪੈਂਦਾ ਹੈ।

8. 48.4% ਪਿੰਡਾਂ ਵਿਚ ਦਲਿਤਾਂ ਨੂੰ ਜਨਤਕ ਥਾਵਾਂ ਤੋਂ ਪਾਣੀ ਭਰਨ ਤੋਂ ਰੋਕਿਆ ਜਾਂਦਾ ਹੈ।

9. 35% ਪਿੰਡਾਂ ਵਿਚ ਦਲਿਤ ਆਪਣੀਆਂ ਚੀਜ਼ਾਂ ਸਥਾਨਕ ਮਾਰਕੀਟ ਵਿਚ ਨਹੀਂ ਵੇਚ ਸਕਦੇ।

10. 47% ਪਿੰਡਾਂ ਵਿਚ ਸਥਾਨਕ ਸੰਸਥਾਵਾਂ, ਜੋ ਦੁੱਧ ਦੀ ਖਰੀਦੋ-ਫਰੋਖਤ ਕਰਦੀਆਂ ਹਨ, ਦਲਿਤਾਂ ਤੋਂ ਦੁੱਧ ਨਹੀਂ ਖਰੀਦਦੀਆਂ।

11. 25% ਪਿੰਡਾਂ ਵਿਚ ਦਲਿਤਾਂ ਨੂੰ ਥੋੜ੍ਹੇ ਪੈਸਿਆਂ ਲਈ ਜ਼ਿਆਦਾ ਘੰਟੇ ਕੰਮ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਪੈਸੇ ਦੇਣ ਵੇਲੇ ਖਰਾਬ ਕੀਤਾ ਜਾਂਦਾ ਹੈ।

12. 37% ਪਿੰਡਾਂ ਵਿਚ ਤਨਖਾਹ ਦੂਰ ਤੋਂ ਸੁੱਟੀ ਜਾਂਦੀ ਹੈ।

13. 67% ਪਿੰਡਾਂ ਵਿਚ ਦਲਿਤਾਂ ਨੂੰ ਹਿੰਦੂ ਮੰਦਿਰਾਂ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ।

14. 50% ਤੋਂ ਜ਼ਿਆਦਾ ਪਿੰਡਾਂ ਵਿਚ ਦਲਿਤਾਂ ਦੇ ਸ਼ਮਸ਼ਾਨਘਾਟ ਵੱਖਰੇ ਹਨ।

15. 73% ਪਿੰਡਾਂ ਵਿਚ ਦਲਿਤਾਂ ਨੂੰ ਉਚੀਆਂ ਜਾਤਾਂ ਦੇ ਘਰਾਂ ਵਿਚ ਜਾਣ ਦੀ ਮਨਾਹੀ ਹੈ।

- ਇਹ ਜੋ ਅੰਕੜੇ ਹਨ, ਇਹ ਇਥੇ ਹੀ ਖਤਮ ਨਹੀਂ ਹੋ ਜਾਂਦੇ।

-ਦਲਿਤ ਵਿਅਕਤੀ ਆਮ ਵਿਅਕਤੀ ਨਾਲੋਂ 4 ਸਾਲ ਛੇਤੀ ਮਰ ਜਾਂਦਾ ਹੈ।

-ਅੱਧੇ ਤੋਂ ਵੱਧ ਦਲਿਤ ਬੱਚੇ ਦੂਜੇ ਬੱਚਿਆਂ ਨਾਲੋਂ ਸਰੀਰਕ ਤੌਰ 'ਤੇ ਕਮਜ਼ੋਰ ਹੁੰਦੇ ਹਨ।

-100 ਦਲਿਤ ਬੱਚਿਆਂ ਵਿਚੋਂ 12 ਬੱਚੇ 5 ਸਾਲ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

-ਭਾਰਤ ਵਿਚ ਹਰ ਗੰਦੇ ਤੋਂ ਗੰਦਾ ਕੰਮ ਦਲਿਤਾਂ ਤੋਂ ਕਰਵਾਇਆ ਜਾਂਦਾ ਹੈ।

-ਬਹੁਤ ਸਾਰੇ ਰਾਜਾਂ ਵਿਚ ਦਲਿਤ ਬੱਚਿਆਂ ਨੂੰ ਕਲਾਸ ਵਿਚ ਵੱਖਰਾ ਬਿਠਾਇਆ ਜਾਂਦਾ ਹੈ ਅਤੇ ਪੜ੍ਹਾਈ ਨਹੀਂ ਕਰਵਾਈ ਜਾਂਦੀ।

ਧੋਖਾ-ਧੋਖਾ-ਧੋਖਾ ਹਰ ਥਾਂ ਧੋਖਾ ਹੋ ਰਿਹਾ ਹੈ। ਭਾਰਤ ਦੇ ਅਨੁਸੂਚਿਤ ਜਾਤਾਂ ਦੇ ਦਲਿਤਾਂ ਦੀ ਦਰ 16.7% ਹੈ। ਭਾਰਤ ਸਰਕਾਰ ਨੇ ਜੋ ਬਜਟ 2008-09 ਵਿਚ ਪੇਸ਼ ਕੀਤਾ ਉਸ ਵਿਚ ਜੋ ਪੈਸਾ ਲੋਕ ਭਲਾਈ ਲਈ ਰੱਖਿਆ ਗਿਆ, ਉਹ 2,43, 385.5 ਕਰੋੜ ਸੀ, ਜਿਸ ਵਿਚ S.C.S.P. ਯੋਜਨਾ ਅਧੀਨ ਸ਼ਡਿਊਲਡ ਕਾਸਟ ਹਿੱਸਾ 40090.90 ਕਰੋੜ ਬਣਦਾ ਹੈ। ਪਰ ਦਲਿਤਾਂ ਨੂੰ ਉਸਦਾ ਸਿਰਫ 29% ਦਿੱਤਾ ਗਿਆ, ਜੋ ਕਿ 11715.07 ਕਰੋੜ ਹੈ। ਅਸਲੀਅਤ ਵਿਚ 71% ਜੋ 28375.9 ਕਰੋੜ ਬਣਦਾ ਹੈ, ਨਹੀਂ ਦਿੱਤਾ ਗਿਆ। ਇਥੋਂ ਪਤਾ ਲੱਗਦਾ ਹੈ ਕਿ ਕਿਸੇ ਪਾਰਟੀ ਦੀ ਸਰਕਾਰ ਹੋਵੇ, ਪਰ ਦਲਿਤਾਂ ਦਾ ਸ਼ੋਸ਼ਣ ਜਾਰੀ ਹੈ। ਇਹ ਜੋ ਪੈਸਾ ਦਲਿਤਾਂ ਨੂੰ ਨਹੀਂ ਦਿੱਤਾ ਗਿਆ, ਇਸ ਪੈਸੇ ਨਾਲ ਸਾਲ ਵਿਚ ਇਕ ਕਰੋੜ ਬੱਚੇ ਚੰਗੀ ਸਿੱਖਿਆ ਲਈ ਸਕੂਲ ਭੇਜੇ ਜਾ ਸਕਦੇ ਹਨ। ਇਕ ਲੱਖ ਹੈਲਥ ਸੈਂਟਰ ਖੋਲ੍ਹੇ ਜਾ ਸਕਦੇ ਹਨ, ਜਿਸ ਤੋਂ ਦਲਿਤ ਸਮਾਜ ਵੱਡੀ ਪੱਧਰ 'ਤੇ ਲਾਹਾ ਖੱਟ ਸਕਦਾ ਹੈ। ਦੋ ਲੱਖ ਛੋਟੇ ਉਦਯੋਗ ਖੋਲ੍ਹੇ ਜਾ ਸਕਦੇ ਹਨ। ਪੰਜ ਲੱਖ ਪਰਿਵਾਰਾਂ ਨੂੰ ਪੰਜ ਏਕੜ ਖੇਤੀ ਯੋਗ ਜ਼ਮੀਨ ਲੈ ਕੇ ਦਿੱਤੀ ਜਾ ਸਕਦੀ ਸੀ। ਇਸ ਨਾਲ ਉਹ ਕੰਮ ਕਰਕੇ ਆਪਣਾ ਜੀਵਨ ਬਿਹਤਰ ਕਰ ਸਕਦੇ ਸਨ।

ਨਤੀਜੇ ਵਜੋਂ ਜੇ ਵੇਖੀਏ ਤਾਂ 28 ਸਾਲ ਪਹਿਲਾਂ ਹੀ ਦਲਿਤ ਗਰੀਬੀ ਦੀ ਰੇਖਾਂ ਤੋਂ ਉਪਰ ਉਠ ਸਕਦੇ ਸਨ। ਦਲਿਤ ਸਮਾਜ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਸੀ। ਪਰ ਕੀ ਅਜਿਹਾ ਹੋਇਆ, ਜੇ ਨਹੀਂ ਤੇ ਕਿਉਂ ? ਜ਼ਰਾ ਸੋਚੋ।

ਅਖੀਰ ਵਿਚ ਇਹ ਕਹਿਣਾ ਜ਼ਰੂਰੀ ਹੈ ਕਿ ਜੋ ਭਾਰਤ ਦੀ ਤਸਵੀਰ ਨਜ਼ਰ ਆਉਂਦੀ ਹੈ, ਉਹ ਹਕੀਕਤ ਵਿਚ ਬਹੁਤ ਘਿਨੌਣੀ ਹੈ।

ਜਸਵਿੰਦਰ ਕਟਾਰੀਆ (ਯੂ.ਕੇ.)

* * * * *

# STATUS OF DALITS AMONG INDIAN SOCIETY. WHAT IS REALITY ?



1. Each organization developed among community having its own ideology and purpose which help the community to achieve some goals and took the same to the new heights. But these ideologies always developed with the efforts of some great personalities, having the guts and courage to mend the waves. Those great personalities always set the goals for the generations to achieve.

2. Bahujan Samaj is not an exception to that great personalities. Recently we also celebrating the Birthday of our Guru's with full pump & show. But; we don't think that we are able to repay what they had given to us, by even sacrifying our lives. Sri Guru Ravidass Maharaj Ji, who strongly put a protest against the discrimination on the basis of castism,

prevailing at that time. Each person who loves his community, still feels the proud of that. The way we celebrating our religious events, it really seems that Bahujan Samaj now became the Super Power and ready to take the revenge of the discrimination on the basis of Castism.

3. Sri Guru Ravidass Ji Maharaj had a dream that "AISA CHAHUN RAAJ MAIN JAHAN MILEY SABAN KO ANN, CHHOT BADEY SAB SAM VASEY, RAVIDASS RAHEY PARSANN" means that at that time Sri Guru Ravidass Ji Maharaj thought about the State/Community without Castism, where every Individual should be treated equally. Sri Guru Ravidass Ji Maharaj thought about social & economic quality. Sri 108 Sant Sarwan Dass Ji, Dera Sach Khand Ballan, Jalandhar really made appreciable efforts to aware the each Individual of our Community/Society regarding the dream of Sri Guru Ravidass Ji Maharaj, of Right of Social & Financial equality, though the some things were not digestible to some conservative ideologist of some so called higher sections of our society. Resulting into the Martyrdoms of SRI 108 SANT RAMA NAND JI. No doubt that is a big loss to our community which cannot be compensated. But; in this manner a brave community cannot be depressed, though it will rise merely with more power and courage. Four persons namely Shaheed Sh. Telu Ram, Shaheed Sh. Rajinder Kumar, Shaheed Sh. Balkar Singh & Shaheed Sh. Vijay Kumar, sacrified their valuable lives for the community & proved the guts & unity for the community bravery & scarify, to which the Bahujan Samaj will salute for long time.

4. Similarly, the sacrifies of Baba Sahib Dr. Bhim Rao Ambedkar, also remembered & the Birthday of Baba Sahib also being celebrated among the Bahujan Community. Each educated Individual of our community used to salute & remember the sacrifies of Dr. B.R. Ambedkar & his contribution to our community for equalizing us politically and even thereafter he said on 26th day of January 1950 that we are still dependent, not yet independent, and if we want to live like a human being, we need social as well as financial independence and he raised a slogan, "PARHO, JURHO, SANGARSH KARO" means to educate, Unite & then Agitate. We also celebrate the Birthday of Sahib Shri Kanshi Ram Ji on 15th March, who made his best possible efforts to continue & spread the ideology of Sri Guru Ravidass Ji Maharaj, Dr. B.R. Ambedkar & Sri 108 Sant Sarwan Dass Ji. In the present era, he was known to be a calculative politician & king maker.

5. Now our responsibility, from our busy schedule, is to see what we have gained & what we have lost. What is the reality prevailing in our society. Whether we are still putting our best efforts to prevail the ideology of our parents & great leaders or it is only a show cause. Whether the ideology. Whether the ideology of our great Gurus and leaders will spread the shine to the poor communities or it will be confined up to the religious places of woe ship. Whether this ideology, will change the life of a poor man or the same will be proved a Two days festival.

6. Whether we though of our weakness, what's the reality ? Who is responsible for that, we are own or the strategy which was being played with us for more than 3,000 years and the same is still continue in the present form known to Manuvad Pratha, which spread its cruel hands even more hazardously and the principles of

society declining day by day. There is still friction of lower castism & high castism. The thoughts of Manuvad/Brahmanvad are so powerful that it kill the entire ideologies & thoughts which used to help the Bahujan community. Manu Sanskriti is like a Cancer in our society & the so called higher caste people always seems to protect the Manu/ Brahmin thoughts. Now, it is the need of the day to protect ourselves from such institutions which we known to be the big protection of Brahmin Ideology.

7. Now we have to see the status & condition of our community/ Dalits, in our society, whether we are enjoying the right to equality or the facts are different. Lets see the underneath:-

- Everyday there are Registration of more than 27 cases against Dalits.
- In every 10 to 15 minutes, the Dalits are victimized of any offence in our country.
- Murder of more than 13 Dalits in a week.
- More than 3 Dalit women subjected to Rape in a week.
- As per survey of 2002, 7,099 (18%) of Dalits cases were pending un-investigated in the Police Stations and 1,26,009 or 77% of total cases were pending undecided. The tally increased to 23.9% before the Police and 70.6% in Courts in the year 2005 and it could be possibly more in 2010.

In the year 2006, the Survey in 565 Villages of 11 States were conducted and the followings facts come out during that survey:-

- The Dalit students were not allowed to sit along with higher caste students in the schools in 37.8% villages.
- Dalits were not allowed to enter in the police station for loding the cases in 27.6% villages.
- The health officer of the higher caste in 33% villages did not enter the house of Dalits for the fear of untouchability.
- 27% dalits were not allowed to enter the general stores.
- No post/mail in the houses of Dalits in 23.5% villages.
- In 14.4% villages, the Dalits were not allowed to enter in the panchayat Ghar.
- In 12% villages, the Dalits have to make separate cue to cast vote.
- In 48.4% villages, the Dalits were restrained from taking water from Public places.
- In 35% villages, the Dalits were not moved to sell their valuables in the common market.
- 47% villages, the local institutions which deals in milk, refused to purchased milk from Dalits.
- In 25% villages, the Dalits have to more work for less money and even then they were not given money adequately.
- In 37% villages, the salaries were used to thrown to the Dalits from far away.
- In 67% villages, the Dalits were not allowed to enter in the Hindu Temples.
- In more than 50% villages, the cremation grounds of the Dalits are separate.
- In 73% villages, the dalits were not allowed to enter the house of higher caste persons.

Moreover, these does not end here, but;

- The life of Dalit shorter 4 years than a common man.

- More than half dalit children are weaker than common children.
- 12 out of 100 dalit kids dies before the age of 5 years.
- All the dirty work was handed over to Dalits in India.
- In so many states in India, the Dalit students were forced to sit separately in Class Room & even then they were not allowed to study properly.

8. There is deception everywhere. In India, Scheduled caste are 16.7%. Rs.2,43,385.5 Crores was reserve for the welfare of people in the Budget year 2008-2009. And as per budget the share of Scheduled caste is 40,090.90 Crores as per S.C.S.P. Policy. But the dalits were provided only 29% of its share which was 11,715.07 Crores. In reality 71% i.e. 28,375.9 crores was not given, it shows that whichever party is ruling, the exploitation of S.Cs. are still there. The share which was not given to S.Cs. is helpful to provide study to One Crore students in a year. One Lac health centre can be opened across India from where the Dalits could take benefits. Two Lacs small scale industries can be established. Five Lacs families could be allotted agricultural land of 5 Acres each, from which they can earn their livelihood and develop themselves.

Resultantly, it can be seen that even 28 years ago, the dalit Samaj could be raised above poverty line. The dalit community could be financially independent but it could not be happened, but why it is time to think.


In the end, it is necessitate to say that what the picture is appeared of India. It is worst. The whole means & resources are being utilized by the Manuvadi people and there is big difference the say and reality of Manuvad people and it can easily be said that "All that glitters are not gold"

We have to give second though to our opinion that only celebrating the Birthday of our Gurus, our great persons & Saints whether we are helping our poor community are not whether the persons leading us from the front are capable to innovate certain things to achieve the goals of our society. The person who are showing themselves intelligent whether they are good human being.

The concluding thing that whether there is any advantage to our society for the things whatever we done on the names of our Gurus & great personalities. If the answer is no, then we have to think, it is why not ?


**Jaswinder Kataria**
**105 Nield Road,**
**Hayes, RG-2-1 U.D., LONDON**
**Email- jkkataria@hotmail.co.uk**
**(Mobile – 07852198181)**
**1.Vice President, BSP/Sports U.K.**
**2.President BSP/Sports/London(Southall)**
**3.Member Sant Sarwan Dass Committee, London (West)**

ਇਸ ਲੇਖ ਦਾ ਅਨੁਵਾਦ ਸੰਸਥਾ ਦੇ ਮੈਂਬਰ ਰਜਿੰਦਰ ਬੱਧਣ ਮੋ.- 93573-00337 ਅਤੇ ਸ੍ਰੀ ਅਸ਼ਵਨੀ ਚੌਕੜੀਆ ਮੋ.- 98888-338485 ਨੇ ਕੀਤਾ ਹੈ।
-ਸੰਪਾਦਕ



# ਸ੍ਰੀਮਾਨ 108
# ਸੰਤ ਰਾਮਾਨੰਦ ਜੀ (ਸ਼ਹੀਦ)
## ਨੂੰ
## ਸ਼ਤ ਸ਼ਤ ਪ੍ਰਣਾਮ !

ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਪੁਰਬ 'ਤੇ ਲੱਖ-ਲੱਖ ਵਧਾਈ ਹੋਵੇ ਜੀ !



ਗਿਆਨੀ ਮਹਿੰਦਰ ਸਿੰਘ
ਹਮਦਰਦ (ਕਥਾ ਵਾਚਕ)

## ਪ੍ਰਧਾਨ ਗੁਰੂ ਲਾਧੋ ਰੇ ਸੁਸਾਇਟੀ
## Ù.K., 217 Grove lane, Handsworth, Birmingham B20 2HD
## M. 078 268 53506

ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਪੁਰਬ 'ਤੇ ਲੱਖ-ਲੱਖ ਵਧਾਈ ਹੋਵੇ ਜੀ !

# B.S. Bittu
Music Director (Prop.)

## Melody Park Recording Studio

*Off: Shivalik Enclave, behind Guru Ravi Dass Mandir,
Chak Hakim, G.T. Road, Phagwara-144 401 (Pb.) INDIA
Cell: 00-91-98144-26730, 00-91-98763-92193*

Resi: Village Salarpur P.O. Rajpur, Distt, -144 402 (Pb.) INDIA Jalandhar
e-mail:bsbittu@hotmail.com, Website:www.punjabivocal.com



# ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗਵਰਧਨਪੁਰ, ਵਾਰਾਨਸੀ (ਯੂ.ਪੀ.) ਦੇ ਦਰਸ਼ਨ ਦੀਦਾਰੇ

**ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਪੁਰਬ 'ਤੇ ਲੱਖ-ਲੱਖ ਵਧਾਈ ਹੋਵੇ ਜੀ !**



Late Seth Shanker Dass ( Founder )



Sh. Rajinder Prasad



Kulbhushan Bagha



Pardeep Bagha

## *M/S. New Shanker Dass & Sons*

**(Bolina Wale)**

Manufacturers & Traders of All Kinds of Gold, Silver & Diamond Ornaments
Lal Bazar, Jalandhar City.

*ਸੋਨੇ ਦੇ ਗਹਿਣਿਆਂ ਵਿਚ ਸ਼ੁੱਧਤਾ ਲਈ ਪ੍ਰਸਿੱਧ ਨਾਮ*

## ਨਿਊ ਸ਼ੰਕਰ ਦਾਸ ਐਂਡ ਸੰਨਜ਼ (ਬੋਲੀਨਾ ਵਾਲੇ)

ਦੁਕਾਨ : ਲਾਲ ਬਾਜ਼ਾਰ, ਜਲੰਧਰ ਸ਼ਹਿਰ-144001
ਫੋਨ ਦੁਕਾਨ— 0181-2281732, 9876222026, 9888367861, 9888999001
ਫੋਨ : ਘਰ- 0181-2705831, 2465831